ਕੰਙਣਾਂ ਦੀ ਜੋੜੀ



ਅਜੈਬ ਸਿੰਘ ਚੀਮਾ

Kangana di Jodi
Geet

Ajaib singh chima
2672 Hearthside Way
Roseville CA 95747
PH 916-367-2117
ajaibchima@gmail.com

2015

Price : $10

Title:
Janmeja Johl

Printed at
Asia Visions
Ludhiana
1-209-589-3367
91-98159-45018
janmeja@gmail.com

ਤਰਤੀਬ

5 ਦੁਆਬੇ ਦਾ ਮਾਣ –ਜਨਮੇਜਾ ਸਿੰਘ ਜੌਹਲ
6 ਦੋ ਸ਼ਬਦ –ਦਲਵੀਰ 'ਦਿਲ' ਨਿੱਜਰ
8 ਜਾਣ ਪਹਿਚਾਣ –ਡਾ. ਗੁਰਮੀਤ ਸਿੰਘ ਬਰਸਾਲ
10 ਮਾਏ ਨੀ ਕਿਉਂ ਰੁਸਕੇ ਤੁਰ ਗਈ ਤੂੰ ਕੱਲਿਆਂ ਛੱਡ ਮੈਨੂੰ,
11 ਲੈ ਕੇ ਧੁੰਦਲੀ ਜਹੀ ਤਸਵੀਰ ਫਿਰਾਂ ਮੈਂ ਲੱਭਦਾ ਨੀ ਤੈਨੂੰ।
12 ਇਹ ਜੋ ਦਿਲ ਵਿਚ ਸੀਨੇ ਦੇ, ਧੜਕੇ ਉਡ ਜਾਉਂ ਉਡ ਜਾਉਂ ਕਰਦਾ।
13 ਕਿੰਨੇ ਸੋਹਣੇ ਲੱਗਦੇ ਨੇ ਵੱਜਦੇ, ਵਜਦੇ ਵਿਸਾਖੀਆਂ ਦੇ ਢੋਲ।
15 ਉਹ ਥੋੜਾ ਥੋੜਾ ਸ਼ਰਮਾਉਣਾ ਤੇ ਥੋੜਾ ਥੋੜਾ ਰਹਿੰਦੇ ਹੱਸਣਾਂ।
16 ਤੇਰਾ ਦਿਲਵਰ ਪੁੱਛਦਾ ਤੈਨੂੰ, ਦੱਸ ਕੀ ਹੋਈ ਖੁਨਾਮੀ ਨੀ।
17 ਉਠ ਮੇਰੇ ਨਾਲ ਆ ਕੇ ਨੱਚ ਨੀ ਪੰਜਾਬਣੇ, ਕਿਹੜੀ ਗਲੋਂ ਜਾਵੇਂ ਸ਼ਰਮਾਈ ਨੀ।
18 ਕੀਤਾ ਚੜ੍ਹਦੇ ਸੂਰਜ ਤਾਈ ਸਿਜਦਾ ਮੈਂ ਸੱਜਣਾ ਨੂੰ ਸਾਹਵੇ ਠਾਣਕੇ।
19 ਕੁੱਲੀ 'ਚ ਭਾਵੇਂ ਕੱਖ ਨਾ ਰਹੇ ਅਸੀਂ ਵੈਲੀਆਂ ਨੇ ਵੈਲ ਕਮਾਉਣਾ।
21 ਤੇਰਾ ਆਉਂਦਾ ਜਦੋਂ ਖਿਆਲ, ਦਿਲ ਮੇਰਾ ਝੱਲੀਆਂ ਪਾਉਂਦਾ ਨੀ।
23 ਕੁੜੀ ਦੁੱਧ ਚਿੱਟੀ ਮਿਸ਼ਰੀ ਦੀ ਡਲੀ, ਦੇਖੀ ਨੂਰਮਹਿਲ ਦੇ ਅੱਡੇ।
24 ਤੀਰ ਨੈਣਾਂ ਦੇ ਉਹ ਕੱਸ ਕਾਸ ਮਾਰੇ, ਜਾ ਮਿੰਨਾਂ ਮਿੰਨਾਂ ਫਿਰੇ ਹੱਸਦੀ।
26 ਰੀਝਾਂ ਲਾ ਲਾ ਗੁੰਦਿਆ ਸੀ ਮੈਂ ਹਾਰ ਪਿਆਰਾਂ ਦਾ।
27 ਸੰਗਦੀ ਮੂੰਹੋਂ ਕੁਝ ਨਾ ਬੋਲੇ, ਹੱਸਕੇ ਨੀਵੀਆਂ ਪਾਉਨੀ ਏਂ।
28 ਝੁੱਲ ਗਈ ਹਨੇਰੀ ਬਣਕੇ, ਨੀ ਤੂੰ ਜਦੋਂ ਦੀ ਕਨੇਡਾ ਵਿੱਚ ਆਈ।
30 ਰੱਖ ਕੁੜੀਏ ਰੱਖ ਕੁੜੀਏ ਨੀ ਇਹਨਾਂ ਭੋਰਾਂ ਕੋਲੋਂ ਫੁੱਲਾਂ ਨੂੰ ਬਚਾਕੇ।
32 ਦਿਲ ਮੁੰਡਿਆਂ ਦਾ ਦੇਖੋ ਲੈ ਗਈ ਕੱਢਕੇ, ਯਾਰੇ ਹਾਣਦੀ ਕੁੜੀ।
33 ਖਿੜਿਆ ਫੁੱਲ ਜੋਬਨ ਦਾ ਤੇਰਾ, ਮਹਿਕਾਂ ਵੰਡਦਾ ਸਾਰੇ ਨੀ।
34 ਸੱਪ ਵਾਂਗੂੰ ਵਲ ਖਾਵੇ ਪਤਲਾ ਸਰੀਰ, ਮੁੰਡਿਆਂ ਨੂੰ ਡੰਗੀ ਜਾਵੇ ਜਿਹੜਾ।
36 ਆਜਾ ਆਜਾ ਆਜਾ ਨੱਚ ਲੈ ਤੂੰ ਨੱਚ ਲੈ ਹੁਸੀਨ ਜੱਟੀਏ।
37 ਨੀ ਤੂੰ ਰੱਖ ਲੈ ਰੂਪ ਲੁਕਾਕੇ, ਇਹ ਨਾ ਲੁੱਟਿਆ ਜਾਵੇ ਨੀ।
39 ਕੋਕਾ ਨੱਕ ਦਾ ਹਾਣਨੇ ਤੇਰਾ ਭੁਲੇਖਾ ਜਿਹਾ ਪਾਈ ਰੱਖਦਾ।
41 ਸੁੱਕ ਕੇ ਤਵੀਤ ਬਣ ਗਈ
43 ਗਿੱਧੇ ਵਿੱਚ ਫਿਰੇ ਨੱਚਦੀ ਉਹ ਗਿੱਧੇ ਵਿੱਚ ਫਿਰੇ ਨੱਚਦੀ,
44 ਆ ਜਾ ਰਲਕੇ ਆਪਾਂ ਦੋਵੇਂ, ਗੱਲਾਂ ਪਿਆਰ ਦੀਆਂ ਕਰੀਏ।
45 ਮੈਂ ਰੋਵਾਂ ਬੈਠੀ ਕਰਮਾਂ ਨੂੰ ਵੈਰ ਲੈ ਗਿਆ ਵਿਚੋਲਾ ਬਣ ਨਾਈ।
46 ਲੱਕ ਪਤਲਾ ਹੁਲਾਰੇ ਤੇਰਾ ਖਾਵੇ, ਸਾਂਭ ਸਾਂਭ ਰੱਖਦੀ ਦਾ।
47 ਆਉਂਦੇ ਦਿਲ ਵਿਚ ਬੜੇ ਖਿਆਲ, ਕਿਹੜਾ ਕਿਸ ਰੰਗ ਰੰਗਾ ਨੀ।
49 ਯਾਦ ਸੱਭ ਕੁਝ ਮੈਨੂੰ ਪਰ ਭੁੱਲ ਗਿਆ ਤੈਨੂੰ, ਰੱਬ ਨੇ ਸਬੰਧ ਇਹ ਬਣਾਇਆ।
51 ਦਿਲ ਮੇਰਾ ਜਾਣਕੇ ਨੀ ਤੂੰ ਕੱਚ ਦਾ ਖਿਡਾਉਣਾ, ਮਾਰ ਮਾਰ ਠੋਕਰਾਂ ਤੂੰ ਤੋੜਿਆ।
52 ਕਿੱਦਾ ਚੋ ਚੋ ਪਵੇ ਪਸੀਨਾ, ਕਾਲਾ ਤਿਲ ਪਿਆ ਚੱਮਕੇ ਨੀ।
53 ਬਹਿਜਾ ਬਹਿਜਾ ਗਿੱਧੇ 'ਚ, ਕਰਾਦੇ ਭਾਬੀਏ ਅੱਜ ਨੱਚਕੇ।
55 ਹਾੜੀਆਂ ਵੀ ਲੰਘੀਆਂ ਸਾਉਣੀਆਂ ਵੀ ਲੰਘੀਆਂ, ਬਹਿ ਗਿਆ ਤੂੰ ਜਾਕੇ ਪ੍ਰਦੇਸ ਵੇ।
57 ਕੀ ਸੱਜਣਾਂ ਅਸੀਂ ਚੁੱਕ ਲਿਆ ਤੇਰਾ ਕਿਉਂ ਤੂੰ ਰੁੱਸਦਾ ਜਾਵੇਂ।
58 ਕੀ ਹੁਣ ਆਖਾ ਕੇਹਨੂੰ ਦੱਸਾਂ, ਜਿਹੜਾ ਦਰਦ ਹੰਢਾਇਆ ਮੈਂ।
59 ਮੇਰੇ ਮਾਲਕ ਮੇਰੇ ਦਾਤਾ ਐ ਮੇਰੇ ਪਾਲਣ ਹਾਰ।
61 ਸੌ ਦੁੱਖਾਂ ਦਾ ਦਾਰੂ ਕੈਹਕੇ, ਪੀਣ ਵਾਲੇ ਬਹਾਨਾਂ ਪਏ ਭਾਲਦੇ ਨੇ।
62 ਤੇਰਾ ਟੈਟੂ ਸੋਹਣੀਏ ਕਰਦਾ ਗੱਭਰੂਆਂ ਨੂੰ ਤੰਗ ਨੀ। ਤੇਰਾ ਟੈਟੂ ਸੋਹਣੀਏ।

63 ਉਹ ਜਿਸ ਨੂੰ ਰਹੇ ਸਵਾਰਦਾ, ਤੂੰ ਨਿੱਤ ਸਵੇਰੇ ਉਠ।
64 ਵਕਤ ਦੀਆਂ ਸਭ ਖੇਡਾਂ ਸੱਜਣਾਂ ਨਾ ਇਹ ਰੋਕਿਆ ਕਿਸੇ ਦਾ ਰੁਕਦਾ।
65 ਚੁੱਪ ਕਰ ਚੁੱਪ ਕਰ ਸੁਣ ਲੈ, ਤੈਨੂੰ ਗੱਲ ਸੁਣਾਉਣੀਆਂ।
66 ਬਦਲ ਗਿਆ ਇਨਸਾਨ ਭਰਾਵੇ, ਬਦਲ ਗਿਆ ਇਨਸਾਨ।
67 ਕਰਲੈ ਜੋ ਮਰਜ਼ੀ ਤੂੰ ਕਰਨਾ, ਮਿਲਦਾ ਕੀਤੇ ਕਰਮਾਂ ਦਾ।
68 ਅੱਡੀ ਮਾਰ ਜਦੋਂ ਛਣਕਾਵੇਂ, ਪਾਉਂਦੇ ਛੋਰ ਕੁੜੇ।
70 ਕਿਉਂ ਤੂੰ ਚੁੱਪ ਕਰਕੇ ਤੁਰ ਜਾਂਦਾ, ਗੱਲ ਕੋਈ ਕਰਿਆ ਕਰ ਸੱਜਣਾਂ।
71 ਲੱਗਣ ਨਾ ਪੈਰ ਧਰਤੀ ਤੇ ਤੇਰੇ, ਕੀ ਤੂੰ ਦੱਸ ਧਰਿਆ ਵਿਆਹ।
73 ਸੁੱਤੇ ਨਾਗ ਨਾ ਜਗਾ ਲਈ ਫੂਕਾਂ ਮਾਰਕੇ ਔਖਾ ਹੋਣਾਂ ਤੈਨੂੰ ਭੱਜਣਾਂ।
74 ਤੂੰ ਆਜਾ ਪ੍ਰਦੇਸੀਆ ਦੇਰਾਂ ਕਾਹਨੂੰ ਲਾਈਆਂ ਵੇ।
75 ਮਾਂ ਵਰਗਾ ਨਾ ਕਿਤਿਉ ਲੱਭਣਾ, ਹੋਰ ਕੋਈ ਮਿੱਠੜਾ ਮੇਵਾ।
76 ਧੀ ਭੁੱਲਦੀ ਨਾ ਧਰਮੀ ਬਾਬਲ ਨੂੰ, ਨਾ ਭੁੱਲਦੀਆਂ ਧੀਆਂ ਮਾਵਾਂ ਨੂੰ।
77 ਇੱਕ ਛੱਡਦੇ ਬਦੀਆਂ ਕਰਨੀਆਂ, ਸਿੱਖ ਪਿਆਰ ਵਧਾਉਣਾ ਤੂੰ।
78 ਚੰਦ ਮੱਥੇ ਤੋਂ ਪੁਆ ਕੇ, ਪਾਇਆ ਨੱਕ ਵਿੱਚ ਕੋਕਾ।
80 ਗੱਲ ਸੈਨਤਾਂ ਨਾਲ ਸਮਝਾ ਗਈ, ਲੈ ਗਈ ਸਾਰਿਆਂ ਨੂੰ ਲੁੱਟ ਕੇ।
81 ਸੱਜਣਾਂ ਸੱਜਣ ਨਾ ਲੱਭਦੇ, ਦੇਖੀਂ ਲਈਂ ਨਾ ਕਿਤੇ ਗਵਾ।
82 ਮੇਰਾ ਯਾਰ ਜਿਗਰੀ ਸੀ ਜੇਹੜਾ, ਉਹ ਵੀ ਮੈਤੋਂ ਦੂਰ ਹੋ ਗਿਆ।
83 ਕਰਕੇ ਮਾਣ ਫੋਕੀਆਂ ਸ਼ੋਹਰਤਾਂ ਦਾ, ਕਿਉਂ ਨਰਕ ਦੇ ਕੁੰਡ ਵਲ ਧਾਈ ਜਾਨਾਂ
84 ਰਹਿਣੀ ਸਦਾ ਨਾ ਇਹ ਹੁਸਨ ਜਵਾਨੀ, ਸਾਂਭ ਸਾਂਭ ਰੱਖ ਸੱਜਣਾਂ।
85 ਜਿਉਂ ਪਾਣੀ ਵਿਚ ਪੈ ਕੇ ਮਿਸ਼ਰੀ ਪਲ ਪਲ ਜਾਵੇ ਖਰਦੀ।
86 ਅਸੀਂ ਕੀਤੀਆਂ ਦੁਆਵਾਂ ਹੱਥ ਜੋੜ ਕੇ ਰੱਬ ਨੇ ਬਣਾਈਆਂ ਜੋੜੀਆਂ।
87 ਉਹ ਕੱਲ ਨੂੰ ਦੱਸ ਕੀ ਕਰੇਗਾ ਜੇ ਤੂੰ ਕਰ ਨਾ ਸਕਿਆ ਅੱਜ।
88 ਸਮਝ ਨਾ ਆਵੇ ਕੁਝ ਮੈਨੂੰ ਕੀ ਦਿਲ ਵਿਚ ਉਹਦੇ ਬੈਹ ਗਿਆ।
89 ਸੋਭਾ ਜੱਗ ਤੇ ਉਹੀ ਪਾਉਂਦੇ, ਜਿਹੜੇ ਫਰਜ਼ੋਂ ਭੱਜਦੇ ਨਾ।
90 ਉਠ ਕੇ ਦੇਖਾਂ ਚਾਰ ਚੁਫੇਰੇ, ਸੁਫਨਾ ਆਇਆ ਹਾਣੀ ਦਾ।
91 ਹੋਵੇ ਗੁੜ ਦਿੱਤਿਆਂ ਜੇ ਮਰਦਾ, ਜ਼ਹਿਰ ਦੇ ਕੇ ਕਾਹਨੂੰ ਮਾਰੀਏ।
92 ਉਹ ਰਾਖੀ ਕਰਨੀ ਬਾਗ ਦੀ ਭੁੱਲ ਬੈਠੇ ਮਾਲੀ।
93 ਵਕਤ ਦੀਆਂ ਸਭ ਖੇਡਾਂ ਸੱਜਣਾ, ਰੋਕਿਆਂ ਕਦੇ ਨਾ ਰੁਕਦਾ।
95 ਲੁੱਟ ਲੈ ਲੁੱਟ ਲੈ ਲੁੱਟ ਲੈ, ਹੁਣ ਜੋ ਚਾਹਵੇ ਲੁੱਟ ਸਕਦੇ।
97 ਦੱਸੋ ਕਰੀਏ ਯਕੀਨ ਕਿਹਦੀ ਗੱਲ ਦਾ, ਧੋਖਾ ਪੈਰ ਪੈਰ ਦੇ ਉਤੇ।
99 ਆਪਾਂ ਕਿਉਂ ਵਿਰਸੇ ਨੂੰ ਭੁੱਲ ਗਏ, ਓਏ ਭਲਿਓ ਲੋਕੋ।
100 ਪੀਲੈ ਪੀਲੈ ਪੀਲੈ ਮੇਰੇ ਹਾਣੀਆਂ, ਤੂੰ ਅੱਜ ਪੀਲੈ ਰੱਜਕੇ।
101 ਤੂੰ ਖੇਡੀ ਚੱਲ ਬੰਦੇ, ਤੈਨੂੰ ਜਿੱਦਾਂ ਵੀ ਖਿਡਾਉਂਦਾ ਏ।
102 ਸੀ ਕੀ ਕੰਗਣਾਂ ਦੀ ਜੋੜੀ, ਮੇਹਣਾ ਖੱਟ ਲਿਆ ਜੱਗ ਦਾ ਵੇ।
103 ਉਠੋ ਕਰੋ ਕੋਈ ਹੀਲਾ, ਜੇ ਮਿਟਾਉਣਾ ਨਸ਼ਿਆਂ ਦੇ ਦਾਗ ਨੂੰ।
104 ਵਿਚ ਮਹਿਫਲਾਂ ਬੈਠਕੇ ਯਾਰੋ, ਸਿਫਤਾਂ ਰਹਿੰਦੇ ਕਰਦੇ।
105 ਭੱਖਦਾ ਸੂਰਜ ਵਾਂਗੂੰ ਚੇਹਰਾ, ਸੱਭ ਦੇ ਹੋਸ਼ ਉਡਾਵੇ ਨੀਂ।
106 ਦੇਖ ਗਿੱਧੇ ਵਿਚ ਕਿਵੇਂ ਮੁਟਿਆਰਾਂ, ਖਿੜ ਖਿੜ ਪੈਣ ਨੱਡੀਏ।
107 ਕਿਹੜੀ ਗੱਲ ਦਾ ਗਰੂਰ ਦੱਸ ਤੈਨੂੰ ਕਿਉਂ ਪਾਸਾ ਵੱਟ ਲੰਘੇ ਕੋਲ ਦੀ।
109 ਲੱਗੇ ਮੁੱਖੜੇ ਤੇ ਚੰਮਕੇ ਪਸੀਨਾਂ, ਜਿਉ ਫੁੱਲਾਂ ਤੇ ਤਰੇਲ ਚੰਮਕੇ।
110 ਕਦੇ ਬੈਠਕੇ ਨਹੀ ਵਿਚਾਰ ਕੀਤੀ, ਕਿਹੜੀ ਗੱਲ ਦਾ ਕਰੇ ਘੁਮਾਨ ਬੰਦੇ।
111 ਇਕ ਤਸਵੀਰ ਬਣਾਈਏ ਰਲਕੇ, ਰਲਕੇ ਬੈਹਣਾਂ ਸਿੱਖ ਜਾਈਏ।
112 ਜੁੱਤੀ ਖੱਲ ਦੀ ਕਾਲਾ ਪਾਕੇ ਲਹਿੰਗਾ, ਉੜਾਉਂਦੀ ਜਾਵੇ ਧੂੜ ਜੱਟੀਏ।

ਦੁਆਬੇ ਦਾ ਮਾਣ

ਅਜੈਬ ਚੀਮਾ ਹੁਰਾਂ ਨਾਲ ਮੇਰੀ ਪਹਿਲੀ ਮੁਲਾਕਾਤ, ਉਹਨਾਂ ਦੀ ਪੁਸਤਕ, 'ਤੁਰ ਪਰਦੇਸ ਗਿਓਂ' ਦੇ ਨਾਲ ਹੋਈ। ਗੀਤਾਂ ਦੀ ਉਸ ਪੁਸਤਕ ਤੋ ਬਾਅਦ ਇਹ ਕਿਤਾਬ 'ਕੰਙਣਾਂ ਦੀ ਜੋੜੀ' ਦੇ ਨਾਲ ਨਾਲ ਅਸੀਂ ਜਾਤੀ ਤੌਰ ਤੇ ਵੀ ਮਿਲੇ। ਦੁਆਬੇ ਨੂੰ ਮਾਣ ਹੈ ਕਿ ਇਸ ਦੀ ਧਰਤੀ ਜਰਖ਼ੇਜ਼ ਹੈ ਤੇ ਇਸਦੇ ਧੀਆਂ ਪੁੱਤਰ ਜਿਸ ਕੰਮ ਨੂੰ ਵੀ ਵਿੱਢਦੇ ਹਨ, ਉਸਦੇ ਸਿਖਰ ਤਕ ਪਹੁੰਚਦੇ ਹਨ। ਅਜੈਬ ਹੁਰਾਂ ਵੀ ਇਹਨਾਂ ਗੀਤਾਂ ਵਿਚ ਨਵੀਆਂ ਸਿਖਰਾਂ ਛੂਹੀਆਂ ਹਨ। ਉਹਨਾਂ ਸਿਰਫ ਗੀਤ ਲਿਖੇ ਹੀ ਨਹੀਂ ਹਨ, ਸਗੋਂ ਜੀਵੇ ਵੀ ਹਨ। ਵਿਦੇਸ਼ਾਂ ਦੀ ਮਾਨਸਿਕ ਇੱਕਲਤਾ ਨੇ, ਦੇਸ਼ ਵਿਚ ਬਿਤਾਏ ਸਮੇਂ ਦੀਆਂ ਸਭਿਆਚਾਰਕ ਤੇ ਪਰਿਵਾਰਕ ਕੱਦਰਾਂ ਕੀਮਤਾਂ ਦੇ ਨਾਲ ਨਾਲ ਪੰਜਾਬੀ ਵਰਤਾਰੇ ਨੂੰ ਆਪਣੇ ਗੀਤਾਂ ਦਾ ਸ਼ਿੰਗਾਰ ਬਣਾਇਆ ਹੈ।

ਇਹਨਾਂ ਗੀਤਾਂ ਵਿਚ ਵਰਤੇ ਗਏ ਸ਼ਬਦ, ਦੁਆਬੇ ਦੀ ਲੋਕ ਬੋਲੀ ਨੂੰ ਸਾਂਭਣ ਵਿਚ ਮਦਦਗਾਰ ਹੋ ਸਕਦੇ ਹਨ। ਦੁਆਬੇ ਦੇ ਵਿਲੱਖਣ ਬੋਲਣ ਦੇ ਲਹਿਜੇ ਅਤੇ ਸੰਬੋਧਨਾਂ ਨੂੰ ਜਾਨਣ ਵਿਚ ਸਹਾਈ ਹੋ ਸਕਦੇ ਹਨ। ਇਹ ਸ਼ਬਦ ਭਾਵੇਂ ਅਲੋਪ ਹੋਈ ਜਾਂਦੇ ਹਨ, ਪਰ ਇਸ ਤਰਾਂ ਦੀਆਂ ਪੁਸਤਕਾਂ ਵਿਚ ਇਹ ਸਾਂਭੇ ਜਾ ਰਹੇ ਹਨ। ਸਭ ਤੋਂ ਵੱਡੀ ਗੱਲ ਕਿ ਇਹ ਸਭ ਕੁਝ ਅਚੇਤ ਰੂਪ ਵਿਚ ਹੋਇਆ ਹੈ, ਇਸ ਲਈ ਇਸ ਵਿਚ ਬਨਾਵਟੀਪਨ ਨਹੀਂ ਹੈ।

ਇਹਨਾਂ ਗੀਤਾਂ ਨੂੰ ਮਾਨਣਾ, ਜਾਂ ਗਾਉਣਾ ਪੰਜਾਬ ਦੀ ਧਰਤੀ ਨੂੰ ਸਿਜਦਾ ਕਰਨ ਦੇ ਸਮਾਨ ਹੈ।

ਆਓ ਇਸ ਪੰਜਾਬੀ ਸਪੂਤ ਦਾ ਹੱਥ ਫੜੀਏ ਤੇ ਚੰਗੇ ਗੀਤਾਂ ਦੇ ਸਿਰਜਕ ਨੂੰ ਹੌਸਲਾ ਦੇਈਏ ਕਿ ਉਹ ਅੱਜ ਦੇ ਵਪਾਰਕ ਯੁੱਗ ਵਿਚ ਵੀ ਪੰਜਾਬੀ ਭਾਸ਼ਾ ਤੇ ਸਭਿਆਚਾਰ ਦਾ ਝੰਡਾ ਚੁੱਕ ਕੇ, ਪੰਜਾਬ ਦਾ ਨਾਮ ਦੁਨੀਆ ਵਿਚ ਰੌਸ਼ਨ ਕਰੇ ।

-ਜਨਮੇਜਾ ਸਿੰਘ ਜੌਹਲ
ਲੁਧਿਆਣਾ

ਦੋ ਸ਼ਬਦ

ਅਜੈਬ ਚੀਮਾ ਦੇ ਲਿਖੇ ਗੀਤਾਂ ਦੀ ਇਹ 'ਕੰਗਣਾਂ ਦੀ ਜੋੜੀ' ਦੂਸਰੀ ਕਿਤਾਬ ਹੈ। ਅਜੈਬਾ ਚੀਮਾ ਨੇ ਆਪਣੇ ਗੀਤਾਂ ਵਿੱਚ ਬਹੁਤੇ ਲੋਕ ਗੀਤਾਂ ਦੀਆਂ ਪੁਰਾਣੀਆਂ ਰਵਾਇਤਾਂ ਨੂੰ ਜਿਉਂਦਾ ਰੱਖਿਆ ਹੈ। ਜਾਂ ਫਿਰ ਇਹ ਕਹਿ ਲਈਏ ਕਿ ਚੀਮਾ ਦੇ ਲਿਖੇ ਗੀਤ ਲੋਕ ਗੀਤਾਂ ਦੇ ਬਹੁਤ ਨੇੜੇ ਹਨ ਜਾਂ ਉਹਨਾਂ ਵਰਗੇ ਹਨ। ਚੀਮੇ ਦੇ ਗੀਤਾਂ ਵਿਚੋਂ ਬਹੁਤ ਸਾਰੀਆਂ ਇਹੋ ਜਿਹੀਆਂ ਗੱਲਾਂ, ਸ਼ਬਦ, ਮੁਹਾਵਰੇ, ਵਾਕ, ਜਾਂ ਅਖਾਣ ਦੇਖਣ ਨੂੰ ਮਿਲਦੇ ਹਨ ਜੋ ਲੋਕ ਗੀਤਾਂ ਵਿੱਚ ਆਮ ਪ੍ਰਚਲਤ ਹਨ। ਹਰ ਗੀਤ ਨਵੀਂ ਗੱਲ ਜਾਂ ਸੁਨੇਹਾ ਦਿੰਦਾ ਨਜ਼ਰ ਆਉਂਦਾ ਹੈ ਅਤੇ ਹਰ ਗੀਤ ਆਪਣੀ ਕਿਸਮ ਦਾ ਵੱਖਰਾ ਗੀਤ ਹੈ। ਅਜੈਬ ਚੀਮਾ ਨੇ ਆਪਣੇ ਗੀਤਾਂ ਦਾ ਵਿਸ਼ਾ ਆਮ ਜ਼ਿੰਦਗੀ ਨਾਲ ਜੋੜਕੇ ਰੱਖਿਆ ਹੈ। ਇਨ੍ਹਾਂ ਗੀਤਾਂ ਵਿਚੋਂ ਸਾਡੇ ਰੀਤੀ ਰਿਵਾਜ਼ਾਂ ਤੇ ਸਭਿਆਚਾਰ ਦੀਆਂ ਕਦਰਾਂ ਕੀਮਤਾਂ ਦੀਆਂ ਪੁਰਾਣੀਆਂ ਝਲਕਾਂ ਦਿਖਾਈ ਦਿੰਦੀਆਂ ਹਨ ਅਤੇ ਨਾਲ ਹੀ ਇਹ ਗੀਤ ਸਾਡੇ ਰੀਤੀ ਰਿਵਾਜ਼ਾਂ ਤੇ ਸਭਿਆਚਾਰ ਦੀਆਂ ਕਦਰਾਂ ਕੀਮਤਾਂ ਦੀ ਗੁਆਚਦੀ ਹੋਂਦ ਪ੍ਰਤੀ ਸੰਦੇਸ਼ਾ ਤੇ ਸੁਹਿਰਦਤਾ ਵੱਲ ਇਸ਼ਾਰਾ ਵੀ ਕਰਦੀਆਂ ਹਨ। ਅਜੈਬ ਚੀਮਾ ਦੇ ਗੀਤਾਂ ਦੀ ਸ਼ਬਦਾਵਲੀ ਅਤੇ ਬਣਤਰ ਮਨੋਰੰਜਨ ਪੱਖ ਤੋਂ ਹੀ ਨਹੀਂ ਸਗੋਂ ਸੱਭਿਅਕ ਪੱਖ ਤੋਂ ਵੀ ਪੂਰਨ ਹੈ। ਅਜੈਬ ਚੀਮਾ ਦੇ ਗੀਤਾਂ ਵਿੱਚੋਂ ਲੋਕ ਕਾਵਿ, ਸੂਫ਼ੀ ਕਾਵਿ, ਅਧਿਆਤਮਿਕ ਲਹਿਰਾਂ ਜਾਂ ਹੋਰ ਵੀ ਕਈ ਲਹਿਰਾਂ ਜੋ ਪੰਜਾਬ ਵਿੱਚ ਸਮੇਂ ਸਮੇਂ ਵਿਚਰਦੀਆਂ ਰਹੀਆਂ ਹਨ ਦਾ ਪ੍ਰਭਾਵ ਦੇਖਿਆ ਜਾ ਸਕਦਾ ਹੈ। ਇਸਦੇ ਨਾਲ ਹੀ ਚੀਮੇ ਦੇ ਗੀਤਾਂ ਵਿੱਚ ਇੱਕ ਦੁਖਾਂਤ ਵੀ ਝਲਕਦਾ ਹੈ ਕਿ ਜ਼ਿੰਦਗੀ ਅਸੀਂ ਕਿਧਰ ਨੂੰ ਲਈ ਜਾ ਰਹੇ ਹਾਂ। ਚੀਮੇ ਦੇ ਗੀਤਾਂ ਵਿੱਚ ਮਨੁੱਖ ਨੂੰ ਮੌਤ, ਲਾਲਚ, ਹੰਕਾਰ ਆਦਿ ਤੋਂ ਸੁਚੇਤ ਰਹਿਣ ਦੀ ਗੱਲ ਵੀ ਸੁਭਾਵਿਕ ਹੀ ਦਿਖਾਈ ਦਿੰਦੀ ਹੈ।

ਅਜੈਬ ਚੀਮਾ ਦੇ ਗੀਤਾਂ ਵਿੱਚੋਂ ਸਾਫ਼ ਸੁਥਰੀ ਬੋਲੀ ਦੀ ਝਲਕ ਪੈਂਦੀ ਹੈ। ਸਾਰੇ ਗੀਤ ਪਰਿਵਾਰਕ ਤੌਰ ਤੇ ਪੜ੍ਹੇ ਜਾਂ ਸਕਦੇ ਹਨ। ਅਸ਼ਲੀਲ ਬੋਲੀ ਦੀ ਵਰਤੋਂ ਕਿਤੇ ਵੀ ਨਹੀਂ ਹੈ। ਬਹੁਤੇ ਗੀਤ ਤਾਂ ਇਤਿਹਾਸਕ ਵਾਪਰੀਆਂ ਘਟਨਾਵਾਂ ਦਾ ਹੀ ਵਰਨਣ ਕਰਦੇ ਹਨ। ਗੀਤਕਾਰ ਹੋਣ ਦੇ ਨਾਤੇ ਚੀਮਾ ਗੀਤਾਂ ਦੀ ਰੂਪਰੇਖਾ ਵਾਰੇ ਚੰਗੀ ਤਰ੍ਹਾਂ ਜਾਣੂ ਹੈ। ਚੀਮੇ ਨੇ ਆਪਣੇ ਗੀਤਾਂ ਵਿਚਲੇ ਵਿਸ਼ੇ ਜਿਵੇਂ ਕਿ ਮਾਂ ਦੀ ਗੱਲ, ਦਿਲਵਰ, ਮਾਹੀ, ਮਾਹੀਆ, ਸ਼ੌਕੀਨਣ, ਪੰਜਾਬਣ, ਜੱਟੀ, ਵਿਸਾਖੀਆਂ ਦੇ ਢੋਲ, ਬਾਗ਼ਾਂ, ਪੰਛੀਆਂ, ਭੰਵਰੇ, ਪੀਣ ਦਾ ਸਰੂਰ, ਵੈਲੀ, ਜੋਬਨ, ਫੁੱਲ, ਹੁਸੀਨ, ਗੁਟਕੂੰ-ਗੁਟਕੂੰ, ਮਿਰਗ਼ ਨੈਣ, ਨੱਕ ਦਾ ਕੋਕਾ, ਗੁੱਤ ਦਾ ਪਰਾਂਦਾ, ਆਦਿ ਸ਼ਬਦਾਂ ਦਾ ਪ੍ਰਯੋਗ ਖੁਲੇਆਮ ਕੀਤਾ ਹੈ।

ਅਜੈਬ ਚੀਮਾ ਨੇ ਆਪਣੇ ਗੀਤਾਂ ਨੂੰ ਸਾਫ਼ ਸੁਥਰੇ ਰੱਖਣ ਦਾ ਪੂਰਾ ਫ਼ਰਜ਼ ਨਿਭਾਇਆ ਹੈ।

ਬੇਸ਼ਕ ਕਿਤੇ ਕਿਤੇ ਰਿਸ਼ਤੇਦਾਰੀਆਂ, ਦਿਉਰ-ਭਰਜਾਈ, ਜੀਜਾ ਸਾਲੀ ਤੇ ਹੋਰ ਕਈ ਪ੍ਰਵਾਨਿਤ ਰਿਸ਼ਤਿਆਂ ਦੀ ਗੱਲ ਕਰਦੇ ਹੋਏ ਆਪਣੇ ਗੀਤਾਂ ਵਿੱਚ ਹਲਕਾ ਮਜ਼ਾਕ ਤੇ ਵਿਅੰਗਾਤਮਕ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ। ਚੀਮਾ ਨੇ ਆਪਣੇ ਗੀਤਾਂ ਵਿੱਚ ਸੱਮੁਚੀ ਕਾਇਨਾਤ ਦੀ ਵੀ ਗੱਲ ਕੀਤੀ ਹੈ। ਗੀਤਾਂ ਦਾ ਵਿਸ਼ਾ ਕਿਸੇ ਇੱਕ ਗੱਲ ਦੇ ਦੁਆਲੇ ਨਹੀਂ ਘੁੰਮਦਾ ਸਗੋਂ ਕਈ ਵੱਖਰਿਆਂ ਵਿਸ਼ਿਆਂ ਨੂੰ ਆਪਣੇ ਗੀਤਾਂ ਵਿੱਚ ਚਿਤਰਦਾ ਹੈ। ਗੀਤਕਾਰ ਇਸ ਗੱਲ ਤੋਂ ਵੀ ਸੁਚੇਤ ਹੈ ਕਿ ਗੀਤਾਂ ਨੂੰ ਕਿਵੇਂ ਕਮਰਸ਼ੀਅਲ ਬਣਾਇਆ ਜਾ ਸਕਦਾ ਹੈ। ਪਰ ਚੀਮਾ ਆਪਣੇ ਗੀਤਾਂ ਨੂੰ ਸਿਰਫ਼ ਗੀਤਾਂ ਜਾਂ ਲੋਕਗੀਤਾਂ ਤੱਕ ਹੀ ਰੱਖ ਕੇ ਸੰਤੁਸ਼ਟ ਹੈ। ਅਜੈਬ ਚੀਮਾ ਦੇ ਸਾਰੇ ਗੀਤ ਇੱਕ ਗੁਲਦਸਤੇ ਦੀ ਤਰ੍ਹਾਂ ਸੁੰਦਰ ਅਤੇ ਖੂਬਸੂਰਤ ਹਨ।

ਇਨ੍ਹਾਂ ਸਾਰੇ ਗੀਤਾਂ ਦੀ ਮਿਹਨਤ ਜਾਂ ਸੋਚ ਪਿੱਛੇ ਸਿਰਫ਼ ਚੀਮੇ ਦਾ ਹੀ ਯੋਗਦਾਨ ਨਹੀਂ ਹੈ ਸਗੋਂ ਉਨ੍ਹਾਂ ਦੀ ਧਰਮ-ਪਤਨੀ ਮਨਜੀਤ ਕੌਰ ਦਾ ਵੀ ਬਹੁਤ ਵੱਡਾ ਹੱਥ ਹੈ। ਮਨਜੀਤ ਕੌਰ ਚੰਗੀ ਹਮਸਫ਼ਰ ਤੇ ਅਜੈਬ ਚੀਮਾ ਦੀ ਵਧੀਆ ਸਲਾਹਕਾਰ ਹੈ। ਮੈਂ ਤਾਂ ਇਹ ਕਹਾਂਗਾ ਕਿ ਚੀਮਾ ਜੀ ਦੀ ਕਿਤਾਬ ਪਿੱਛੇ ਸਾਰੇ ਪਰਿਵਾਰ ਦਾ ਹੀ ਯੋਗਦਾਨ ਹੈ। ਇਸ ਕਿਤਾਬ ਦੀ ਆਮਦ ਤੇ ਮੈਂ ਚੀਮਾ ਜੀ ਨੂੰ ਵਧਾਈ ਦੇਣ ਦੇ ਨਾਲ ਉਨ੍ਹਾਂ ਦੇ ਸਾਰੇ ਪਰਿਵਾਰ ਨੂੰ ਵੀ ਵਧਾਈ ਦਿੰਦਾ ਹਾਂ। ਮੈਨੂੰ ਪੂਰੀ ਉਮੀਦ ਹੈ ਕਿ ਮੇਰਾ ਵੱਡਾ ਵੀਰ ਚੀਮਾ ਹੋਰ ਵੀ ਸਾਫ ਸੁਥਰੀਆਂ ਗੀਤਾਂ ਦੀਆਂ ਕਿਤਾਬਾਂ ਪਾਠਕਾਂ ਦੇ ਅਤੇ ਮਾਂ ਬੋਲੀ ਪੰਜਾਬੀ ਦੀ ਝੋਲੀ ਪਾਉਂਦਾ ਰਹੇਗਾ। ਮੇਰੇ ਵੱਲੋਂ ਇਨ੍ਹਾਂ ਗੀਤਾਂ ਵਾਰੇ ਇਹ ਮੇਰੀਆਂ ਲਾਈਨਾਂ:

"ਗਾ ਕੇ ਦੇਖੋ ਸਾਜ਼ ਸੁਰਾਂ ਤੇ ਇਹਦੇ ਗੀਤਾਂ ਨੂੰ,
ਲੱਭੋਗੇ ਸੰਸਕਾਰ ਪੁਰਾਣੇ ਰਸਮਾਂ-ਰੀਤਾਂ ਨੂੰ,
ਸਭਿਆਚਾਰ ਦਾ ਰੰਗ ਵੀ 'ਚੀਮੇ' ਖੂਬ ਚੜ੍ਹਾਇਆ ਏ
ਕੰਗਣਾਂ ਦੀ ਜੋੜੀ ਚੋਂ ਦਿਲ ਦਾ ਮਹਿਰਮ ਪਾਇਆ ਏ।

ਦਲਵੀਰ 'ਦਿਲ' ਨਿੱਜਰ
ਪ੍ਰਧਾਨ
ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ

ਜਾਣ ਪਹਿਚਾਣ

ਗੀਤਾਂ ਦੀ ਪੁਸਤਕ 'ਤੁਰ ਪਰਦੇਸ ਗਿਓਂ' ਸ. ਅਜੈਬ ਸਿੰਘ ਚੀਮਾ ਜੀ ਦੀ ਪਲੇਠੀ ਪੁਸਤਕ ਸੀ। ਕੰਕਣਾਂ ਦੀ ਜੋੜੀ ਦੂਸਰੀ ਪੁਸਤਕ ਹੈ। ਉਨ੍ਹਾਂ ਦਾ ਪਿਛਲਾ ਪਿੰਡ ਚੀਮਾ, ਜ਼ਿਲ੍ਹਾ ਜਲੰਧਰ ਹੈ। ਉਨ੍ਹਾਂ ਦਾ ਜਨਮ ਨਾਨਕੇ ਪਿੰਡ ਹਰੀਪੁਰ ਵਿੱਚ ਹੋਇਆ ਜਿੱਥੇ ਉਹ ਪੰਜਵੀਂ ਤੱਕ ਪੜ੍ਹਦੇ ਵੀ ਰਹੇ। ਦਸਵੀਂ ਤੱਕ ਦੀ ਪੜ੍ਹਾਈ ਗੌਰਮਿੰਟ ਹਾਈ ਸਕੂਲ ਨੂਰਮਹਿਲ ਤੋਂ ਕੀਤੀ। ਸਕੂਲੀ ਪੜ੍ਹਾਈ ਕਰਦਿਆਂ ਹਾਕੀ ਦੇ ਵਧੀਆ ਖਿਡਾਰੀ ਬਣੇ ਰਹੇ। ਦੱਸਵੀਂ ਤੋਂ ਬਾਅਦ ਕਾਲਜ ਵਿੱਚ ਪੜ੍ਹਦਿਆਂ ਹਾਕੀ ਛੱਡ ਕੇ ਕਬੱਡੀ ਖੇਡਣੀ ਸ਼ੁਰੂ ਕਰ ਦਿੱਤੀ ਅਤੇ ਸਖ਼ਤ ਮਿਹਨਤ ਸਦਕਾ ਪੰਜਾਬ ਯੂਨੀਵਰਸਿਟੀ ਚੈਂਪੀਅਨਸ਼ਿਪ ਜਿੱਤੀ। ਉਸ ਵਕਤ ਹਰਿਆਣਾ ਵੀ ਪੰਜਾਬ ਵਿੱਚ ਹੀ ਸੀ।

ਅਜੈਬ ਸਿੰਘ ਜੀ ਆਪਣੇ ਵਿਦਿਆਰਥੀ ਜੀਵਨ ਦੀਆਂ ਮਨੋਰੰਜਕ ਕਹਾਣੀਆਂ ਸੁਣਾਉਂਦਿਆਂ ਦੱਸਦੇ ਸਨ ਕਿ ਇੱਕ ਵਾਰ ਜਦੋਂ ਉਨ੍ਹਾਂ ਦਾ ਫਾਈਨਲ ਮੈਚ ਸੀ ਤਾਂ ਉਨ੍ਹਾਂ ਦਾ ਭਰਾ ਵਰਗਾ ਦੋਸਤ ਸੁਰਿੰਦਰ ਸਿੰਘ ਚੀਮਾ ਉਨ੍ਹਾਂ ਦੇ ਨਾਲ ਸੀ ਜੋ ਕਿ ਅੱਜ ਕੱਲ ਕਨੇਡਾ ਵਿੱਚ ਮਸ਼ਹੂਰ ਮੁਗਲ ਗਾਰਡਨ ਰੈਸਟੋਰੈਂਟ ਚਲਾ ਰਹੇ ਹਨ। ਇਹ ਦੋਵੇਂ ਜਣੇ ਟਰੇਨ ਫੜ ਕੇ ਲੁਧਿਆਣੇ ਪਹੁੰਚੇ । ਜੇਬ ਵਿਚਲੇ ਪੈਸਿਆਂ ਨਾਲ 9 ਤੋਂ 12 ਤੱਕ ਫਿਲਮ ਦੇਖੀ। ਜੇਬ ਵਿੱਚ ਬਚੇ ਇਕ ਰੁਪਈਏ ਨੂੰ ਸਵੇਰ ਦੀ ਚਾਹ ਲਈ ਰੱਖ ਕੇ ਸਾਰੀ ਰਾਤ ਸਟੇਸ਼ਨ ਤੇ ਕੱਟੀ। ਸਵੇਰੇ ਲੰਬਾ ਪੈਂਡਾ ਤੁਰ ਕੇ ਥੱਕੇ ਟੁੱਟੇ ਕਾਲਜ ਪੁੱਜੇ ਪਰ ਫਿਰ ਵੀ ਉਹ ਫਾਈਨਲ ਮੈਚ ਜਿੱਤ ਗਏ। ਇਹ ਗੱਲ 1967 ਵੇਲੇ ਦੀ ਹੈ।

1968 ਵਿੱਚ ਜੰਡਿਆਲੇ ਨਵਾਂ ਕਾਲਜ ਸ਼ੁਰੂ ਹੁੰਦਿਆਂ ਅਜੈਬ ਸਿੰਘ ਜੀ ਇਸ ਕਾਲਜ ਵਿੱਚ 3 ਕੁ ਮਹੀਨੇ ਪੜ੍ਹੇ। ਮਾਰਚ 1968 ਵਿੱਚ ਇੰਗਲੈਂਡ ਆ ਕੇ ਕੰਮ ਕਰਦੇ ਰਹੇ ਨਾਲ ਕਬੱਡੀ ਵੀ ਖੇਡਦੇ ਰਹੇ। ਚੰਗਾ ਨਾਮ ਬਣਾਇਆ। 1973 ਵਿੱਚ ਇੰਗਲੈਂਡ ਦੀ ਟੀਮ ਇੰਡੀਆ ਖੇਡਣ ਗਈ ਤਾਂ ਅਜੈਬ ਸਿੰਘ ਜੀ ਉਸ ਵਿੱਚ ਚੁਣੇ ਗਏ। ਇੰਡੀਆ ਵਿੱਚ ਵੱਖ ਵੱਖ ਥਾਵਾਂ ਤੇ ਮੈਚ ਹੋਏ। ਫਿਰ ਅਜੈਬ ਸਿੰਘ ਜੀ ਵਾਪਸ ਇੰਗਲੈਂਡ ਨਹੀਂ ਗਏ। ਇਕ ਸਾਲ ਇੰਡੀਆ ਰਹਿ ਕੇ 1974 ਵਿੱਚ ਅਮਰੀਕਾ ਆ ਗਏ। ਇੱਥੇ ਵੀ ਥੋੜਾ ਚਿਰ ਖੇਡਦੇ ਰਹੇ ਫਿਰ ਕੰਮਾਂ ਅਤੇ ਪਰਿਵਾਰਿਕ ਜ਼ਿੰਦਗੀ ਵਿੱਚ ਵਿਅਸਤ ਹੋ ਗਏ। ਯੂਬਾ ਸਿਟੀ ਵਿੱਚ ਫਾਰਮਿੰਗ ਕੀਤੀ। ਸਮੇਂ ਦੇ ਗੇੜ ਨਾਲ ਸੈਨਹੋਜੇ ਮਿਲਪੀਟਸ ਆ ਟਿਕੇ ਜਿੱਥੇ 8-9 ਸਾਲ ਰਹੇ। ਅਜੈਬ ਸਿੰਘ ਜੀ ਦੱਸਦੇ ਹਨ ਕਿ ਇੱਥੇ ਹੀ ਸੋਹਣ ਸਿੰਘ ਢੋਲਾ ਨੇ ਉਨ੍ਹਾਂ ਨੂੰ ਆਜਾਦ ਜਲੰਧਰੀ ਜੀ ਨਾਲ ਮਿਲਾਇਆ। ਉਨ੍ਹਾਂ ਦੀਆਂ ਕਵਿਤਾਵਾਂ, ਗਜਲਾਂ ਅਤੇ ਗੀਤ ਸੁਣ ਉਨ੍ਹਾਂ ਅੰਦਰ ਵੀ ਲਿਖਣ ਲਈ ਉਤਸੁਕਤਾ ਜਾਗੀ। ਹਾਲਾਂਕਿ ਉਹ ਕੇਵਲ ਗੀਤ ਹੀ ਲਿਖਦੇ ਹਨ ਪਰ ਉਹ ਆਪਣੇ ਲਿਖਣ ਦਾ ਪ੍ਰੇਰਨਾ

ਸੋਰਤ ਆਜਾਦ ਜਲੰਧਰੀ ਜੀ ਨੂੰ ਮੰਨਦੇ ਹਨ। ਅੱਜ ਕੱਲ ਅਜੈਬ ਸਿੰਘ ਜੀ ਰੋਜ਼ਵਿਲ ਸੈਕਰਾਮੈਂਟੋ ਵਿੱਚ ਆਪਣੇ ਪਰਿਵਾਰ ਸਮੇਤ ਰਹਿ ਰਹੇ ਹਨ।

ਉਨ੍ਹਾਂ ਨੇ ਪਹਿਲਾ ਗੀਤ ਲਿਖਿਆ, 'ਬਹਿਜ ਬਹਿਜਾ ਗਿੱਧੇ ਚ ਕਰਾਦੇ ਭਾਬੀਏ, ਅੱਜ ਨੱਚ ਕੇ। ਮਿੱਟੀ ਅੰਬਰਾਂ ਨੂੰ ਵਿਹੜੇ ਦੀ ਚੜ੍ਹਾਦੇ ਭਾਬੀਏ, ਸ਼ਾਵਾ ਨੱਚ ਕੇ॥' ਇਹ ਗੀਤ ਭਜਨ ਸਿੰਘ ਭਿੰਡਰ ਨੇ ਟੇਪ ਕੀਤਾ। ਉਸ ਤੋਂ ਬਾਅਦ ਉਨ੍ਹਾਂ ਦਾ ਲਿਖਿਆ ਇਕ ਗੀਤ ਸਰਬਜੀਤ ਚੀਮੇ ਨੇ ਰਿਕਾਰਡ ਕੀਤਾ

'ਚਲ ਮੇਲਾ ਦੇਖਣ ਨੂੰ ਆਪਾਂ ਚੱਲੀਏ ਨਣਦ ਦਿਆ ਵੀਰਾ, ਕਾਲੀ ਪੱਗ ਸਜਦੀ ਤੈਨੂੰ, ਮੈਨੂੰ ਸਜਦਾ ਮੁੰਗੀਆ ਲੀੜਾ॥' ਅਜੈਬ ਸਿੰਘ ਜੀ ਨੂੰ ਆਪ ਨੂੰ ਵੀ ਗਾਉਣ ਦਾ ਸ਼ੌਕ ਹੈ ਇਸ ਲਈ ਆਪਦੀ ਆਵਾਜ ਵਿੱਚ ਵੀ ਇਕ ਸੀ.ਡੀ. ਤਿਆਰ ਕਰਵਾਈ ਪਰ ਲੋਕਾਂ ਦੀ ਕਚਹਿਰੀ ਵਿੱਚ ਪੇਸ਼ ਨਹੀਂ ਕੀਤੀ।

ਅਜੈਬ ਸਿੰਘ ਜੀ ਆਪਣਾ ਸ਼ੌਕ ਕਈ ਫੰਕਸ਼ਨਾਂ ਜਾਂ ਪਰਿਵਾਰਿਕ ਪਾਰਟੀਆਂ ਵਿੱਚ ਆਪਣੇ ਲਿਖੇ ਗੀਤ ਗਾ ਕੇ ਪੂਰਾ ਕਰ ਲੈਦੇ ਹਨ। ਅਜੈਬ ਸਿੰਘ ਜੀ ਦੇ ਤਕਰੀਬਨ ਹਰ ਤਰ੍ਹਾਂ ਦੇ ਗੀਤ ਲਿਖੇ ਹਨ।

ਉਨ੍ਹਾਂ ਦੇ ਗੀਤਾਂ ਵਿੱਚ ਧਾਰਮਿਕ, ਸਮਾਜਿਕ, ਸਿੱਖਿਆਦਾਇਕ, ਸੱਭਿਆਚਾਰਿਕ ਅਤੇ ਜਵਾਨੀ ਦੀਆਂ ਖਰਮਸਤੀਆਂ ਵਾਲੇ ਗੀਤ ਵੀ ਹਨ। ਉਨ੍ਹਾਂ ਦੇ ਜ਼ਿਆਦਾਤਰ ਗੀਤ ਪਾਰਟੀਆਂ ਵਿੱਚ ਢੋਲ ਦੇ ਡਗੇ ਤੇ ਗਾਉਣ ਵਾਲੇ ਹਨ। ਅਜੈਬ ਸਿੰਘ ਜੀ ਦੀ ਇੱਛਾ ਹੈ ਕਿ ਅਗਰ ਕੋਈ ਉਨ੍ਹਾਂ ਦੇ ਗੀਤਾਂ ਨੂੰ ਗਾਉਣਾ ਚਾਹੇ ਤਾਂ ਇਨ੍ਹਾਂ ਵਿੱਚ ਭੰਨ ਤੋੜ ਨਾ ਕਰੇ।

–ਡਾ. ਗੁਰਮੀਤ ਸਿੰਘ ਬਰਸਾਲ

ਸਾਹਿਤ ਸਭਾ ਕੈਲੇਫੋਰਨੀਆਂ(ਬੇ–ਏਰੀਆ)

*

ਮਾਏ ਨੀ ਕਿਉਂ ਰੁਸਕੇ ਤੁਰ ਗਈ ਤੂੰ ਕੱਲਿਆਂ ਛੱਡ ਮੈਨੂੰ,
ਮਾਏ ਨੀ ਕਿਉਂ ਰੁਸਕੇ ਤੁਰ ਗਈ ਤੂੰ ਕੱਲਿਆਂ ਛੱਡ ਮੈਨੂੰ,
ਹੁਣ ਕਿਥੋਂ ਮੈਂ ਫਿਰੂਗਾ ਲੱਭਦਾ ਦੱਸ ਅਮੜੀਏ ਤੈਨੂੰ।

ਗੱਲ ਨਾਂ ਇਹ ਕੋਈ ਸੁਣੀ ਸੁਣਾਈ, ਨਾਲ ਮੇਰੇ ਹੀ ਬੀਤੀ ਏ।
ਮਾਂ ਵਿਛੋੜਾ ਦੇ ਗਈ ਮੈਨੂੰ ਲੋਕ ਕਹਿਣ ਜੱਗ ਰੀਤੀ ਏ।
ਦਿਲ ਦੀ ਦਰਦ ਕਹਾਣੀ ਆਪਣੀ ਰੋ ਰੋ ਦੱਸਾਂ ਦੱਸ ਕੇਹਨੂੰ।
ਹੁਣ ਕਿਥੋਂ ਮੈਂ ਫਿਰੂਗਾ ਲੱਭਦਾ ਦੱਸ ਅਮੜੀਏ ਤੈਨੂੰ।

ਜੀਉਂਦਿਆਂ ਦੀ ਜੋ ਕਦਰ ਜਾਂ ਜਾਨਣ, ਮੋਇਆ ਤੇ ਕੁਰਲਾਦੇ ਨੇ।
ਲੱਭਦੇ ਨਾਂ ਕਦੇ ਮਾਪੇ ਮੁੜਕੇ ਜੋ ਇਥੋਂ ਤੁਰ ਜਾਂਦੇ ਨੇ।
ਕੋਈ ਕੁਝ ਵੀ ਦੱਸ ਨਾ ਸਕਿਆ ਮੈਂ ਜੋ ਪੁੱਛਿਆ ਸੀ ਜੇਹਨੂੰ।
ਹੁਣ ਕਿਥੋਂ ਮੈਂ ਫਿਰੂਗਾ ਲੱਭਦਾ ਦੱਸ ਅਮੜੀਏ ਤੈਨੂੰ।

ਬਿਨ ਤੇਰੇ ਕਿਸੇ ਗਲ ਨਾ ਲਾਇਆ ਹਰ ਕੋਈ ਦਰਕਾਰ ਰਿਹਾ।
ਕੇਹਨੂੰ ਦਰਦ ਸੁਣਾਵਾਂ ਇਹ ਦਿਲ ਰੋ ਰੋ ਭੁੱਬਾਂ ਮਾਰ ਰਿਹਾ।
ਸਬਰ ਨਾ ਆਉਂਦਾ ਫਿਰ ਵੀ ਅੰਮੀਏ ਹੱਥੀਂ ਤੋਰਿਆ ਸੀ ਤੈਨੂੰ।
ਹੁਣ ਕਿਥੋਂ ਮੈਂ ਫਿਰੂਗਾ ਲੱਭਦਾ ਦੱਸ ਅਮੜੀਏ ਤੈਨੂੰ।

ਦਿਲ ਦੀ ਦਿਲ ਵਿਚ ਰਹਿ ਗਈ ਮੇਰੇ ਤੈਨੂੰ ਘਰ ਲੈ ਜਾਵਣ ਦੀ।
ਕਰਜ ਉਤਾਰਾ ਕਰਕੇ ਸੇਵਾ ਆਪਣਾ ਫਰਜ ਨਿਭਾਵਣ ਦੀ।
ਕਿਦਾ ਪੁੱਛਾ ਉਸ ਮਾਲਕ ਤੋਂ ਜੋ ਲੈ ਗਿਆ ਉਂਗਲੀ ਲਾ ਤੈਨੂੰ।
ਹੁਣ ਕਿਥੋਂ ਮੈਂ ਫਿਰੂਗਾ ਲੱਭਦਾ ਦੱਸ ਅਮੜੀਏ ਤੈਨੂੰ।

ਕੇਹਨੂੰ ਆਖਕੇ ਬੀਬੀ ਬੀਬੀ ਦੱਸ ਹੁਣ ਕਦੋ ਬੁਲਾਵਾਂਗੇ।
ਚੇਤੇ ਕਰ ਕਰ ਤੈਨੂੰ ਅੰਮੀਏ ਆਪਣਾ ਵਕਤ ਲੰਘਾਵਾਂਗੇ।
ਜਾਂਦੀ ਵਾਰੀ ਜੈਬਾ ਕਹਿਕੇ ਵਾਜ ਮਾਰਦੇ ਮਾਂ ਮੈਨੂੰ।
ਹੁਣ ਕਿਥੋਂ ਮੈਂ ਫਿਰੂਗਾ ਲੱਭਦਾ ਦੱਸ ਅਮੜੀਏ ਤੈਨੂੰ।

*

ਲੈ ਕੇ ਧੁੰਦਲੀ ਜਹੀ ਤਸਵੀਰ ਫਿਰਾਂ ਮੈਂ ਲੱਭਦਾ ਨੀ ਤੈਨੂੰ।
ਝੱਲਾ ਝੱਲਾ ਆਖ ਬਲਾਉਂਦੇ ਹੁਣ ਮੇਰੇ ਯਾਰ ਵੀ ਨੇ ਮੈਨੂੰ।

ਕਿਧਰ ਗਏ ਉਹ ਵਾਇਦੇ ਤੇ ਜੋ ਕਸਮਾਂ ਸੀ ਪਾਈਆਂ।
ਮੇਰੇ ਪਿਆਰ ਦੀਆਂ ਤਕਸੀਰਾਂ, ਤੈਨੂੰ ਰਾਸ ਨਹੀਂ ਆਈਆਂ।
ਜੰਮੇ ਵਰਮ ਸੀਨੇ ਵਿਚ ਮੇਰੇ ਦੱਸ, ਦਿਖਾਵਾਂ ਮੈਂ ਕਿਹਨੂੰ।
ਝੱਲਾ ਝੱਲਾ ਆਖ ਬਲਾਉਂਦੇ ਹੁਣ ਮੇਰੇ ਯਾਰ ਵੀ ਨੇ ਮੈਨੂੰ।

ਕਿੰਨਾ ਦਰਦ ਪਿਆਰ ਦਾ ਹੁੰਦਾ, ਚੇਤਾ ਕਿਵੇਂ ਭੁਲਾਇਆ ਨੀ।
ਤੂੰ ਉਡ ਗਈ ਮਾਰ ਉਡਾਰੀ, ਡੇਰਾ ਕਿੱਥੇ ਜਾ ਕੇ ਲਾਇਆ ਨੀ।
ਅੱਜ ਵੀ ਆਉ ਕੱਲ ਵੀ ਆਉ ਰੋਜ਼ ਉਡੀਕਾਂ ਮੈਂ ਤੈਨੂੰ।
ਝੱਲਾ ਝੱਲਾ ਆਖ ਬਲਾਉਂਦੇ ਹੁਣ ਮੇਰੇ ਯਾਰ ਵੀ ਨੇ ਮੈਨੂੰ।

ਝੱਲਣੀ ਮਾਰ ਹਿਜ਼ਰ ਦੀ ਔਖੀ, ਭੁੱਬਾਂ ਮਾਰ ਕੇ ਰੋਣਾਂ ਮੈਂ।
ਲਾ ਗਈ ਦਾਗ ਬੇਵਫਾਈ ਵਾਲਾ, ਹੁਣ ਦੱਸ ਕਿਦਾਂ ਧੋਵਾਂ ਮੈਂ।
ਬੋਲੇ ਬੋਲ ਸੀਨੇ ਨੂੰ ਡੰਗਣ, ਡੰਗ ਜਿਉਂ ਮਾਰਦੇ ਨੇ ਡੇਂਗੂੰ।
ਝੱਲਾ ਝੱਲਾ ਆਖ ਬਲਾਉਂਦੇ ਹੁਣ ਮੇਰੇ ਯਾਰ ਵੀ ਨੇ ਮੈਨੂੰ।

ਤੇਰੇ ਪਿਆਰ ਵਿਚ ਹੋਇਆ ਦੀਵਾਨਾਂ, ਲੋਕੀ ਪਾਗਲ ਕਹਿੰਦੇ ਨੇ।
ਰੱਲਕੇ ਯਾਰ ਜੁੰਡੀ ਦੇ ਮੇਰੇ, ਮੈਨੂੰ ਛੇੜਦੇ ਰਹਿੰਦੇ ਨੇ।
ਰੌਂਦਾ ਛੱਡ ਗਈ ਜੈਬਿਆ ਯਾਰਾ, ਆਪਣੀ ਕਹਿੰਦਾ ਸੀ ਜਿਹਨੂੰ।
ਲੈ ਕੇ ਧੁੰਦਲੀ ਜਈ ਤਸਵੀਰ ਫਿਰਾਂ ਮੈਂ ਲੱਭਦਾ ਨੀ ਤੈਨੂੰ।
ਝੱਲਾ ਝੱਲਾ ਆਖ ਬਲਾਉਂਦੇ ਹੁਣ ਮੇਰੇ ਯਾਰ ਵੀ ਨੇ ਮੈਨੂੰ।

*

ਇਹ ਜੋ ਦਿਲ ਵਿਚ ਸੀਨੇ ਦੇ, ਧੜਕੇ ਉਡ ਜਾਂਉਂ ਉਡ ਜਾਂਉਂ ਕਰਦਾ।
ਜਦ ਵਿਛੜੇ ਮਹਿਰਮ ਤੋਂ, ਰਹਿੰਦਾ ਹੈ ਹਟਕੋਰੇ ਭਰਦਾ।

ਇਹ ਜੋ ਖੇਲ ਮੁਹੱਬਤ ਦਾ, ਵੀਰਨੋ ਕਦੇ ਕਦੇ ਹੀ ਬਣਦਾ।
ਇਹ ਵਾਂਗੂੰ ਮਕੜੀ ਦੇ, ਰਹਿੰਦਾ ਤਾਣਾ ਪਿਆਰ ਦਾ ਤਣਦਾ।
ਕੰਮ ਆਪ ਬਿਗਾੜ ਲਵੇ, ਜਾਵੇ ਰੋਸ ਕਿਸੇ ਤੇ ਧਰਦਾ।
ਇਹ ਜੋ ਦਿਲ ਵਿਚ ਸੀਨੇ ਦੇ, ਧੜਕੇ ਉਡ ਜਾਂਉਂ ਉਡ ਜਾਂਉਂ ਕਰਦਾ।

ਛਾਂਵੇ ਪਲਕਾ ਦੀ ਸੱਭ ਨੂੰ, ਹਾਣੀਉ ਰੀਝਾਂ ਨਾਲ ਬਿਠਾਉਂਦਾ।
ਇਕ ਪੱਲ ਵਿਚ ਰੁੱਸ ਜਾਵੇ, ਦੂਜੇ ਪੱਲ ਇਹ ਫਿਰੇ ਮਨਾਉਂਦਾ।
ਹੈ ਦੁਸ਼ਮਣ ਦੁਸ਼ਮਣ ਦਾ, ਯਾਰੀ ਯਾਰਾ ਦੀ ਪੂਰੀ ਕਰਦਾ।
ਇਹ ਜੋ ਦਿਲ ਵਿਚ ਸੀਨੇ ਦੇ, ਧੜਕੇ ਉਡ ਜਾਂਉਂ ਉਡ ਜਾਂਉਂ ਕਰਦਾ।

ਇਹ ਉਡਦਾ ਅੰਬਰਾਂ ਤੇ, ਟੁੱਬੀਆਂ ਵਿਚ ਸਮੁੰਦਰਾਂ ਲਾਵੇ।
ਇਕ ਪਲ 'ਚ ਧਨਾਡ ਬਣੇ, ਦੂਜੇ ਪਲ ਕੰਗਾਲ ਕਹਾਵੇ।
ਇਹ ਦਾ ਕੀ ਇਤਵਾਰ ਕਰਾਂ, ਇਧਰ ਜੀਉਂਦਾ ਉਧਰ ਮਰਦਾ।
ਇਹ ਜੋ ਦਿਲ ਵਿਚ ਸੀਨੇ ਦੇ, ਧੜਕੇ ਉਡ ਜਾਂਉਂ ਉਡ ਜਾਂਉਂ ਕਰਦਾ।

ਕੂਲਾ ਮੋਲ ਤੋ ਵੱਦਕੇ ਹੈ, ਜਿਧਰ ਮੋੜੇ ਇਹ ਮੁੜ ਜਾਵੇ।
ਜਦ ਕਰਨ ਖਰੁਦ ਲੱਗੇ, ਵੱਧ ਲੋਹੇ ਤੋਂ ਸਖ਼ਤ ਕਹਾਵੇ।
ਖੇਡਾਂ ਖੇਡੇ ਜਿੱਤਣ ਲਈ ਕਦੀ, ਜਿੱਤ ਕੇ ਜਾਵੇ ਹਰਦਾ।
ਇਹ ਜੋ ਦਿਲ ਵਿਚ ਸੀਨੇ ਦੇ, ਧੜਕੇ ਉਡ ਜਾਂਉਂ ਉਡ ਜਾਂਉਂ ਕਰਦਾ।

ਛੱਡ ਢਿੱਲੀਆਂ ਲਗਾਮਾਂ ਇਹ, ਘੋੜੇ ਖਿਆਲਾਂ ਦੇ ਫਿਰੇ ਭਜਾਉਂਦਾ।
ਕਦੇ ਰਾਖਸ਼ਸ ਬਣ ਬਹਿੰਦਾ ਕਦੇ ਰਿਸ਼ੀਆਂ ਦਾ ਭੇਸ ਬਣਾਉਂਦਾ।
ਜੈਬਿਆ ਜਿੱਤਿਆ ਜਾਵੇ ਨਾ ਹਰ ਕੋਈ ਪਾਣੀ ਇਸ ਦਾ ਭਰਦਾ।
ਇਹ ਜੋ ਦਿਲ ਵਿਚ ਸੀਨੇ ਦੇ, ਧੜਕੇ ਉਡ ਜਾਂਉਂ ਉਡ ਜਾਂਉਂ ਕਰਦਾ।
ਜਦ ਵਿਛੜੇ ਮਹਿਰਮ ਤੋਂ, ਰਹਿੰਦਾ ਹੈ ਹਟਕੋਰੇ ਭਰਦਾ।

*

ਕਿੰਨੇ ਸੋਹਣੇ ਲੱਗਦੇ ਨੇ ਵੱਜਦੇ, ਵਜਦੇ ਵਿਸਾਖੀਆਂ ਦੇ ਢੋਲ।
ਬੱਕਰੇ ਬਲਾਉਂਦੇ ਜੱਟ ਗੱਭਰੂ, ਡੱਟ ਬੋਤਲਾਂ ਦੇ ਦਿੰਦੇ ਖੋਲ੍ਹ।
ਪੱਕ ਗਈਆਂ ਕਣਕਾਂ ਆ ਗਈ ਵਿਸਾਖੀ।
ਕਰ ਲਈਆਂ ਸੱਭ ਨੇ ਤਿਆਰੀਆਂ।
ਦੁੱਧ ਚਿੱਟੇ ਕੱਪੜੇ ਪੱਗਾਂ ਟੇਡੀਆਂ।
ਲੱਗਣ ਉਹ ਦਿਲਾਂ ਨੂੰ ਪਿਆਰੀਆਂ।
ਖੁਸ਼ੀਆਂ ਦੇ ਵਿਚ ਜੱਟ ਪਾਉਂਦੇ ਭੰਗੜਾ।
ਸੁਣ ਜੱਟੀਆਂ ਦੇ ਮਿੱਠੇ ਬੋਲ।
ਕਿੰਨੇ ਸੋਹਣੇ ਲੱਗਦੇ ਨੇ ਵੱਜਦੇ, ਵੱਜਦੇ ਵਿਸਾਖੀਆਂ ਦੇ ਢੋਲ।

ਸਰੂ ਵਰਗੇ ਜਵਾਨ ਮੁੰਡੇ ਪਾਉਂਦੇ ਬੋਲੀਆਂ।
ਦੇਖਣੇ ਲਈ ਮੇਲਾ ਬੰਨ ਲਈਆਂ ਟੋਲੀਆਂ।
ਡਾਗਾਂ ਉਤੇ ਦੇਖੋ ਬੰਨਕੇ ਰੁਮਾਲ ਬਈ।
ਪਿੜਾਂ ਵਿਚ ਪਾਉਂਦੇ ਯਮਲੇ ਧਮਾਲ ਬਈ।
ਉਦੋਂ ਸੱਭ ਕੁਝ ਭੁਲ ਜਾਂਦਾ ਬੇਲੀਉ।
ਹੋਵੇ ਹਾਣੀ ਜਦ ਹਾਣੀਆਂ ਦੇ ਕੋਲ।
ਕਿੰਨੇ ਸੋਹਣੇ ਲੱਗਦੇ ਨੇ ਵੱਜਦੇ, ਵੱਜਦੇ ਵਿਸਾਖੀਆਂ ਦੇ ਢੋਲ।

ਹੁਰਾਂ ਜੇਹੀਆਂ ਜੱਟੀਆਂ ਨੇ ਕਰ ਲਈ ਤਿਆਰੀ।
ਸੱਭੇ ਦੇਖਣ ਵਿਸਾਖੀ ਮੇਲਾ ਚੱਲੀਆਂ।
ਨੈਣ ਸਾਣ ਚਾੜੇ ਪਾਕੇ ਕੱਜਲੇ ਦੀ ਧਾਰੀ।
ਜਾਂਦੀਆਂ ਜਵਾਨੀਆਂ ਨਾ ਝੱਲੀਆਂ।
ਅੱਖਾਂ ਬਿਲੀਆਂ ਚ ਜੈਬਿਆ ਸ਼ਰਾਰਤਾਂ।
ਜਾਂਦੇ ਦੇਖ ਦੇਖ ਦੇਵਤੇ ਵੀ ਡੋਲ।
ਕਿੰਨੇ ਸੋਹਣੇ ਲੱਗਦੇ ਨੇ ਵੱਜਦੇ, ਵੱਜਦੇ ਵਿਸਾਖੀਆਂ ਦੇ ਢੋਲ।

ਬੱਝ ਗਿਆ ਪਿੜ ਕੱਠੇ ਹੋ ਗਏ ਹਾਣੀ।
ਬੱਚੇ ਬੁੱਢੇ ਗੱਭਰੂ ਜਵਾਨ ਬਣੀ।
ਕੁੜੀਆਂ ਤੇ ਮੁੰਡੇ ਖੇਡਦੇ ਨੇ ਖੇਡਾਂ।
ਹੁੰਦਾ ਹਾਣੀ ਨੂੰ ਪਿਆਰਾ ਬੜਾ ਹਾਣ ਬਣੀ।
ਪਿਆਰ ਚ ਖੀਵੇ ਹੋਏ ਝੁਮਦੇ ਨੇ ਲੋਕੀ।
ਵੱਧ ਕੋਈ ਨਾ ਕਿਸੇ ਨੂੰ ਬੋਲੇ ਬੋਲ।
ਕਿੰਨੇ ਸੋਹਣੇ ਲੱਗਦੇ ਨੇ ਵੱਜਦੇ, ਵੱਜਦੇ ਵਿਸਾਖੀਆਂ ਦੇ ਢੋਲ।

*

ਉਹ ਥੋੜਾ ਥੋੜਾ ਸ਼ਰਮਾਉਣਾ ਤੇ ਥੋੜਾ ਥੋੜਾ ਰਹਿੰਦੇ ਹੱਸਣਾਂ।
ਲੁੱਟ ਸਾਨੂੰ ਲੈ ਗਿਆ ਰਕਾਨੇ ਨੀ ਗਿੱਧੇ ਵਿਚ ਤੇਰਾ ਨੱਚਣਾਂ।

ਪਾ ਕੇ ਤਿੱਲੇਦਾਰ ਜੁੱਤੀ ਪਾਇਆ ਤਿੱਲੇਦਾਰ ਲਹਿੰਗਾ ਨੀ।
ਪੈਣਾਂ ਤੇਰਾ ਨੱਖਰਾ ਇਹ ਮੁੰਡਿਆਂ ਨੂੰ ਮਹਿੰਡਾ ਨੀ।
ਯਾਰਾ ਬੇਲੀਆਂ ਦੀ ਢਾਣੀ ਵਿਚ ਬੈਠ ਕੇ ਸਾਰਿਆਂ ਦੇ ਤਾਈ ਦੱਸਣਾਂ।
ਲੁੱਟ ਸਾਨੂੰ ਲੈ ਗਿਆ ਰਕਾਨੇ ਨੀ ਗਿੱਧੇ ਵਿੱਚ ਤੇਰਾ ਨੱਚਣਾਂ।

ਨਵੀਆਂ ਨਕੋਰ ਪੈਰੀ ਝਾਜਰਾਂ ਤੂੰ ਪਾਈਆਂ ਨੀ।
ਬਾਹਵਾਂ ਵਿੱਚ ਚੂੜਾ ਤੇਰੇ ਪਾਉਂਦਾ ਏ ਦੁਹਾਈਆਂ ਨੀ।
ਸਾਰਿਆਂ ਦੇ ਦਿਲਾਂ ਉਤੇ ਕਰੀ ਜਾਵੇ ਜਾਦੂ ਬੁੱਲਾ ਵਿਚ ਤੇਰਾ ਮੁਸਕਾਕੇ ਹੱਸਣਾਂ।
ਲੁੱਟ ਸਾਨੂੰ ਲੈ ਗਿਆ ਰਕਾਨੇ ਨੀ ਗਿੱਧੇ ਵਿੱਚ ਤੇਰਾ ਨੱਚਣਾਂ।

ਹੱਥਾਂ ਵਿਚ ਹੱਥ ਲੈ ਕੇ ਕਿੱਕਲੀ ਜਾ ਪਾਵੇ ਤੂੰ।
ਦੇ ਕੇ ਲੱਕ ਨੂੰ ਹੁਲਾਰਾ ਦੋਹਰੀ ਤੇਹਰੀ ਹੁੰਦੀ ਜਾਵੇ ਤੂੰ।
ਤੇਰੀ ਜੁਲਫਾਂ ਦੇ ਨਾਗਾਂ ਨੇ ਸ਼ੌਕੀਨਣੇ ਨੀ ਕਿਸੇ ਜ਼ਰੂਰ ਡੱਸਣਾ।
ਲੁੱਟ ਸਾਨੂੰ ਲੈ ਗਿਆ ਰਕਾਨੇ ਨੀ ਗਿੱਧੇ ਵਿੱਚ ਤੇਰਾ ਨੱਚਣਾਂ।

ਪੱਬ ਧਰਤੀ ਤੇ ਮਾਰ ਧੂੜਾਂ ਅੰਬਰੀ ਚੜ੍ਹਾ ਦੇਵੇ।
ਚੁੰਨੀ ਹਵਾ 'ਚ ਉਡਾਕੇ ਪੀਂਘ ਸੱਤਰੰਗੀ ਪਾ ਦਵੇਂ।
ਚੀਮਿਆਂ ਵਾਲੇ ਨੂੰ ਡੰਗੀ ਜਾਵੇ ਲੁੱਕ ਲੁੱਕ ਉਹਦਾ ਤੱਕਣਾ।
ਲੁੱਟ ਸਾਨੂੰ ਲੈ ਗਿਆ ਰਕਾਨੇ ਨੀ ਗਿੱਧਟ ਵਿੱਚ ਤੇਰਾ ਨੱਚਣਾਂ।

*

ਤੇਰਾ ਦਿਲਵਰ ਪੁੱਛਦਾ ਤੈਨੂੰ, ਦੱਸ ਕੀ ਹੋਈ ਖੁਨਾਮੀ ਨੀ।
ਕਿਹੜੀ ਗੱਲ ਦਾ ਕਰਿਆ ਰੋਸਾ, ਕਿਉਂ ਦਿੱਤੀ ਮੋੜ ਨਿਸ਼ਾਨੀ ਨੀ।

ਆਈਆਂ ਬਾਗਾਂ ਵਿੱਚ ਬਹਾਰਾਂ, ਪੰਛੀ ਸ਼ੋਰ ਮਚਾਉਂਦੇ ਨੇ।
ਕਲੀਆਂ ਖਿੜਕੇ ਮਹਿਕਾਂ ਵੰਡਣ, ਭੰਵਰੇ ਗੇੜੇ ਲਾਉਂਦੇ ਨੇ।
ਕਿਉਂ ਤੂੰ ਪਾਸਾ ਵੱਟ ਲੰਘ ਜਾਵੇਂ, ਦੱਸਦੇ ਬੋਲ ਜਬਾਨੀ ਨੀ।
ਕਿਹੜੀ ਗੱਲ ਦਾ ਕਰਿਆ ਰੋਸਾ, ਕਿਉਂ ਦਿੱਤੀ ਮੋੜ ਨਿਸ਼ਾਨੀ ਨੀ।

ਇਹ ਜੋ ਪਲ-ਪਲ ਜੀਂਦਾ ਮਰਦਾ, ਤੈਨੂੰ ਕੀ ਦੱਸ ਸਕਦਾ ਏ।
ਲੱਗਦਾ ਲੇਖ ਲਿਖਾ ਲਏ ਮਾੜੇ, ਕੀਤਾ ਕੀ ਜਾ ਸਕਦਾ ਏ।
ਉਡੀਆਂ ਕਿਧਰੇ ਮਸਤ ਬਹਾਰਾਂ, ਹਰ ਥਾਂ ਛਾਈ ਵੀਰਾਨੀ ਨੀਂ।
ਕਿਹੜੀ ਗੱਲ ਦਾ ਕਰਿਆ ਰੋਸਾ, ਕਿਉਂ ਦਿੱਤੀ ਮੋੜ ਨਿਸ਼ਾਨੀ ਨੀ।

ਮੇਰਾ ਦਿਲ ਨਾ ਮੰਨਦਾ ਮੇਰੀ, ਇਹਨੂੰ ਕਿੰਝ ਸਮਝਾਵਾਂ ਮੈਂ।
ਤੇਰੀਆਂ ਯਾਦਾਂ ਵਿੱਚ ਗੁਆਚਾ, ਕਿੱਥੋਂ ਲੱਭ ਲਿਆਵਾਂ ਮੈਂ।
ਦਿਨ ਤਾਂ ਫਿਰ ਤੁਰਕੇ ਲੰਘ ਜਾਵੇ, ਆਉਂਦੀ ਰਾਤ ਤੂਫਾਨੀ ਨੀ।
ਕਿਹੜੀ ਗੱਲ ਦਾ ਕਰਿਆ ਰੋਸਾ, ਕਿਉਂ ਦਿੱਤੀ ਮੋੜ ਨਿਸ਼ਾਨੀ ਨੀ।

ਝੱਲਾਂ ਕਿਵੇਂ ਜੁਦਾਈ ਤੇਰੀ, ਜੀਣਾ ਮੁਸ਼ਕਲ ਕਰਿਆ ਨੀਂ।
ਉਹਦੇ ਚੀਮਿਆਂ ਵਾਲਾ ਫਿਰਦਾ ਬਾਜੀ ਜਿੱਤ ਕੇ ਹਰਿਆ ਨੀ।
ਪਾ ਕੇ ਗੈਰਾਂ ਨਾਲ ਪ੍ਰੀਤਾਂ ਫਿਰਦੀ ਹੋਈ ਦੀਵਾਨੀ ਨੀ।
ਕਿਹੜੀ ਗੱਲ ਦਾ ਕਰਿਆ ਰੋਸਾ, ਕਿਉਂ ਦਿੱਤੀ ਮੋੜ ਨਿਸ਼ਾਨੀ ਨੀ।

*

ਉਠ ਮੇਰੇ ਨਾਲ ਆ ਕੇ ਨੱਚ ਨੀ ਪੰਜਾਬਣੇ, ਕਿਹੜੀ ਗਲੋਂ ਜਾਵੇਂ ਸ਼ਰਮਾਈ ਨੀ।
ਤੇਰੇ ਉਤੇ ਮਾਣ ਮੈਨੂੰ ਗਿੱਧੇ ਦੀਏ ਰਾਣੀਏ, ਐਵੇਂ ਕਾਹਨੂੰ ਫਿਰੇ ਘਬਰਾਈ ਨੀ।

ਪਿਆਰ ਨਾਲ ਤੈਨੂੰ ਅਸੀਂ ਗਿੱਧੇ 'ਚ ਨਚਾਉਣਾ ਨੀ।
ਤਾਈਓਂ ਘੁੱਟ ਪੀਤੀ ਦਾ ਸਰੂਰ ਜਿਹਾ ਆਉਣਾ ਨੀ।
ਆਪਾਂ ਛੱਡ ਦੇਈਏ ਪਿੱਛੇ ਮਾਝਾ ਮਾਲਵਾ ਦੁਆਬਣੇ।
ਉਠ ਮੇਰੇ ਨਾਲ ਆ ਕੇ ਨੱਚ ਨੀ ਪੰਜਾਬਣੇ।

ਇਕ ਰੰਗ ਹੈ ਗੁਲਾਬੀ ਉਤੋਂ ਰੂਪ ਠਾਠਾਂ ਮਾਰੇ ਨੀ।
ਤੁਰੇ ਸੱਪਣੀ ਦੀ ਤੋਰ, ਦੇ ਕੇ ਲੱਕ ਨੂੰ ਹੁਲਾਰੇ ਨੀ।
ਤੋਰ ਮਿਰਗਾਂ ਨੂੰ ਤੁਰਨੀਂ ਭੁੱਲਾ ਦੇਨੀ ਲਿਹਾਜਣੇ।
ਉਠ ਮੇਰੇ ਨਾਲ ਆ ਕੇ ਨੱਚ ਨੀ ਪੰਜਾਬਣੇ।

ਉਠ ਨੱਚ ਕੇਹੜੀ ਗਲੋਂ ਲਾਈ ਜਾਵੇਂ ਦੇਰੀਆਂ।
ਹੋਣਗੀਆਂ ਗੱਲਾਂ ਦੇਖੀ ਤੇਰੀਆਂ ਤੇ ਮੇਰੀਆਂ।
ਧੂੜ ਅੰਬਰਾਂ ਨੂੰ ਨੱਚ ਕੇ ਚੜ੍ਹਾ ਦੇ ਨੀ ਮਜ਼ਾਜਣੇ।
ਉਠ ਮੇਰੇ ਨਾਲ ਆ ਕੇ ਨੱਚ ਨੀ ਪੰਜਾਬਣੇ।

ਆਖੇ ਲੱਗ ਮੇਰੇ ਗੇੜਾ ਦੇਦੇ ਨੀ ਪਿਆਰ ਨਾ।
ਹੋਇਆ ਫਿਰਦਾ ਸ਼ਰਾਬੀ ਜੱਟ ਕਰਨੇ ਲਈ ਵਾਰਨਾ।
ਜਾਮ ਮਸਤੀ ਦਾ ਚੀਮੇ ਨੂੰ ਪਿਲਾਦੇ ਨੀ ਨਿਬਾਬਣੇ।
ਉਠ ਮੇਰੇ ਨਾਲ ਆ ਕੇ ਨੱਚ ਨੀ ਪੰਜਾਬਣੇ।

*

ਕੀਤਾ ਚੜ੍ਹਦੇ ਸੂਰਜ ਤਾਈ ਸਿਜਦਾ ਮੈਂ ਸੱਜਣਾ ਨੂੰ ਸਾਹਵੇ ਠਾਣਕੇ।
ਅਸੀਂ ਪੀੜਾਂ ਦਾ ਪਰਾਗਾ ਪੱਲੇ ਪਾਲਿਆ ਸੀ ਸੱਜਣਾਂ ਤੋਂ ਖੈਰ ਜਾਣਕੇ।

ਲੱਖਾਂ ਅਰਮਾਨ ਮੇਰੇ ਦਿਲ ਵਿਚ ਦੱਬੇ।
ਕਿਸੇ ਪੁਛਿਆ ਨਾ ਮੈਨੂੰ ਘੁੱਟ ਦੱਬਕੇ।
ਗੈਰਾਂ ਵਾਂਗੂੰ ਕਰਦੇ ਸਲੂਕ ਮੇਰੇ ਆਪਣੇ।
ਰੋਵਾਂ ਮੈਂ ਕਿਨਾਂ ਦੇ ਗਲ ਲੱਗਕੇ।
ਸੱਧਰਾਂ ਦਾ ਫੁੱਲ ਮੇਰਾ ਉਦੋਂ ਮੁਰਝਾਇਆ।
ਜਦੋਂ ਉਠ ਗਏ ਸੱਜਣ ਮਾਉਜਾਂ ਮਾਣਕੇ।
ਅਸੀਂ ਪੀੜਾਂ ਦਾ ਪਰਾਗਾ ਪੱਲੇ ਪਾਲਿਆ ਸੀ ਸੱਜਣਾਂ ਤੋਂ ਖੈਰ ਜਾਣਕੇ।

ਇਕ ਅੱਲੜ ਜਵਾਨੀ ਦੂਜਾ ਪਿਆਰ ਦੇ ਹੁਲਾਰੇ,
ਤੀਜਾ ਪੈਰ ਨਾ ਜਮੀਨ ਉਤੇ ਲੱਗਦੇ।
ਤੀਰ ਵਿਛੋੜੇ ਵਾਲੇ ਕਿੰਝ ਦੱਸਾਂ ਹਾਣੀਆਂ,
ਸੀਨੇ ਮੇਰੇ ਆਣ ਆਣ ਵਜਦੇ।
ਹੋਇਆ ਪਲ ਪਲ ਔਖਾ ਜੀਣਾ ਤੇਰੇ ਤੋਂ ਵਗੈਰ।
ਗਲ ਲਾ ਲੈ ਤੱਤੜੀ ਨੂੰ ਚੰਨਾ ਆਣਕੇ।
ਅਸੀਂ ਪੀੜਾਂ ਦਾ ਪਰਾਗਾ ਪੱਲੇ ਪਾਲਿਆ ਸੀ ਸੱਜਣਾਂ ਤੋਂ ਖੈਰ ਜਾਣਕੇ।

ਬੜੇ ਗਮ ਦਿੱਤੇ ਉਹਨੇ ਬੜਾ ਤੜਫਾਇਆ।
ਚੇਤਾ ਫੇਰ ਵੀ ਨਾ ਉਹਦਾ ਸਾਨੂੰ ਭੁੱਲਦਾ।
ਛੇੜ ਦੇਵੇ ਕਿਤੇ ਬ੍ਰਿਹੋ ਦਾ ਗੀਤ,
ਨੀਰ ਮੱਲੋ ਮੱਲੀ ਨੈਣਾਂ ਵਿੱਚੋਂ ਡੁੱਲਦਾ।
ਜੈਬਿਆ ਤੂੰ ਸਾਡੇ ਪੱਲੇ ਛੱਡਿਆ ਨਾ ਕੱਖ,
ਪਾਸਾ ਵੱਟ ਲੰਘ ਚੱਲਿਆ ਪਛਾਣਕੇ।
ਅਸੀਂ ਪੀੜਾਂ ਦਾ ਪਰਾਗਾ ਪੱਲੇ ਪਾਲਿਆ ਸੀ ਸੱਜਣਾਂ ਤੋਂ ਖੈਰ ਜਾਣਕੇ।
ਕੀਤਾ ਚੜਦੇ ਸੂਰਜ ਤਾਈਂ ਸਿਜਦਾ ਮੈਂ ਸੱਜਣਾਂ ਨੂੰ ਸਾਹਵੇ ਠਾਣਕੇ।

*

ਕੁੱਲੀ 'ਚ ਭਾਵੇਂ ਕੱਖ ਨਾ ਰਹੇ ਅਸੀਂ ਵੈਲੀਆਂ ਨੇ ਵੈਲ ਕਮਾਉਣਾ।
ਵੇ ਢਲ ਗਈ ਜਵਾਨੀ ਭਰਮੀ ਹੁਣ ਵੱਜਦਾ ਨਈਂ ਲੱਕ ਦਾ ਹੁਲਾਰਾ।

ਕੂਚ ਕੂਚ ਅੱਡੀਆਂ ਤੂੰ ਰੱਖਦੀ ਰਕਾਨੇ ਨੀਂ।
ਭੱਜੇ ਸੱਜਣਾਂ ਤੋਂ ਦੂਰ ਕਰ ਕਰਕੇ ਬਹਾਨੇ ਨੀਂ।
ਕਿਹੜੀ ਗੱਲੋਂ ਕਰੇ ਐਨਾ ਹੁਸਨ ਤੇ ਮਾਣ,
ਹੁੰਦਾ ਚਾਰ ਕੁ ਦਿਨਾਂ ਦਾ ਇਹ ਪ੍ਰਾਉਣਾ।
ਕੁੱਲੀ ਚ ਭਾਵੇਂ ਕੱਖ ਨਾ ਰਹੇ ਅਸੀਂ ਵੈਲੀਆਂ ਨੇ ਵੈਲ ਕਮਾਉਣਾ।

ਚਿੱਤ ਕਰੇ ਮੇਰਾ ਤੈਨੂੰ ਘੁੱਟ ਗਲ ਲਾ ਲਵਾਂ।
ਸੀਨੇ ਵਿੱਚ ਦੱਬੇ ਅਰਮਾਨਾਂ ਨੂੰ ਜਗਾ ਲਵਾਂ।
ਬਣਕੇ ਤਬੀਤ ਮੇਰੀ ਹਿੱਕ ਉਤੇ ਖੇਲੇ ਹੋਰ ਏਦੋਂ ਵੱਧ ਹੁੰਦਾ ਕੀ ਨਜ਼ਾਰਾ।
ਵੇ ਢਲ ਗਈ ਜਵਾਨੀ ਭਰਮੀ ਹੁਣ ਵੱਜਦਾ ਨਈਂ ਲੱਕ ਦਾ ਹੁਲਾਰਾ।

ਤੇਰੇ ਉਤੇ ਅੱਖ ਸਾਡੀ ਚਿਰਾਂ ਦੀ ਸੀ ਨੱਡੀਏ।
ਸਾਰੇ ਦਿਲ ਦੇ ਉਬਾਲ ਆਪਾਂ ਦੋਵੇਂ ਰੱਲ ਕੱਢੀਏ।
ਨਾ ਲਾਰਿਆਂ ਚ ਰੋਲ ਜ਼ਿੰਦਗੀ ਕਿਤੇ ਫੇਰ ਨਾ ਪਵੇ ਨੀ ਪਛਤਾਉਣਾ।
ਕੁੱਲੀ ਚ ਭਾਵੇਂ ਕੱਖ ਨਾ ਰਹੇ ਅਸੀਂ ਵੈਲੀਆਂ ਨੇ ਵੈਲ ਕਮਾਉਣਾ।

ਵੇ ਮੈਂ ਕਰਾਂ ਟੈਲੀਫੋਨ ਤੈਨੂੰ ਅੱਧੀ ਅੱਧੀ ਰਾਤ ਨੂੰ।
ਭਰੀ ਜਾਵੇ ਤੂੰ ਹੁੰਗਾਰਾ ਸੁਣ ਪਿਆਰ ਵਾਲੀ ਬਾਤ ਨੂੰ।
ਇਕ ਵਾਰੀ ਫੁੱਲ ਜਿਹੜਾ ਡਾਲੀ ਨਾਲੋਂ ਟੁੱਟੇ ਮੁੜ ਲੱਗਦਾ ਨੀਂ ਜੈਬਿਆ ਦੁਬਾਰਾ।
ਵੇ ਢਲ ਗਈ ਜਵਾਨੀ ਭਰਮੀ ਹੁਣ ਵੱਜਦਾ ਨਈਂ ਲੱਕ ਦਾ ਹੁਲਾਰਾ।

ਮਹਿੰਦੀ ਰੰਗੇ ਹੱਥੀਂ ਤੇਰੇ ਦੇਖ ਛੱਲੇ ਮੁੰਦੀਆਂ।
ਗੱਲਾਂ ਤੇਰੀਆਂ ਰਕਾਨੇ ਨੀਂ ਸਰੀ ਦੇ ਵਿੱਚ ਹੁੰਦੀਆਂ।
ਯਾਰੀ ਲਾ ਕੇ ਹਾਨਣੇ ਨਿਭਾਉਣੀ ਤੈਨੂੰ ਆਉਂਦੀ
ਸਾਨੂੰ ਆਉਂਦਾ ਯਾਰ ਰੁਸਿਆ ਮਨਾਉਣਾ।

ਕੁੱਲੀ ਚ ਭਾਵੇਂ ਕੱਖ ਨਾ ਰਹੇ ਅਸੀਂ ਵੈਲੀਆਂ ਨੇ ਵੈਲ ਕਮਾਉਣਾ।
ਵੇ ਢਲ ਗਈ ਜਵਾਨੀ ਭਰਮੀ ਹੁਣ ਵੱਜਦਾ ਨਈਂ ਲੱਕ ਦਾ ਹੁਲਾਰਾ।

*

ਤੇਰਾ ਆਉਂਦਾ ਜਦੋਂ ਖਿਆਲ, ਦਿਲ ਮੇਰਾ ਝੱਲੀਆਂ ਪਾਉਂਦਾ ਨੀ।
ਟੁੱਟਦੇ ਜਨਮ ਜਨਮ ਨਾਂ ਰਿਸ਼ਤੇ, ਜਿਹੜੇ ਰੱਬ ਬਣਾਉਂਦਾ ਨੀ।

ਤੂੰ ਵਾਂਗ ਪਤੰਗ ਦੇ ਫਿਰਦੀ।
ਖੁਸ਼ੀਆਂ ਵਿਚ ਉਡੀ ਨੀ।
ਚੜ੍ਹਨਾ ਇਸ਼ਕ ਦਾ ਰੰਗ ਨਿਆਰਾ,
ਮਾਰਕੇ ਦੇਖ ਲੈ ਟੁੱਬੀ ਨੀ।
ਜਿਹੜੇ ਲੇਖ ਲਿਖਾ ਲਏ ਝੱਲੀਏ,
ਉਹ ਦੱਸ ਕੌਣ ਮਿਟਾਉਂਦਾ ਨੀ।
ਟੁੱਟਦੇ ਜਨਮ ਜਨਮ ਨਾਂ ਰਿਸ਼ਤੇ ਜਿਹੜੇ ਰੱਬ ਬਣਾਉਂਦਾ ਨੀ।

ਸਦੀਆਂ ਤੋਂ ਹੈ ਚਲੀ ਆਉਂਦੀ,
ਇਹ ਜੋ ਰੀਤ ਪੁਰਾਣੀ ਆਂ।
ਬਦਲੇ ਜਦੋਂ ਜਮਾਨਾ ਕਰਵਟ,
ਬਣਦੀ ਨਵੀਂ ਕਹਾਣੀ ਆਂ।
ਜੋ ਦਿਲ ਆਵੇ ਕਰ ਦੇਵੇ।
ਕੁਝ ਵੀ ਸਮਝ ਨਾ ਆਉਂਦਾ ਨੀ।
ਟੁੱਟਦੇ ਜਨਮ ਜਨਮ ਨਾ ਰਿਸ਼ਤੇ ਜਿਹੜੇ ਰੱਬ ਬਣਾਉਂਦਾ ਨੀ।

ਕੇਹੀ ਰੁੱਤ ਸੁਹਾਣੀ ਆਈ,
ਆ ਚਾਅ ਦਿਲ ਦੇ ਲਾ ਲੱਈਏ।
ਨਾ ਮੁੜ ਕੇ ਵਿਛੜਨ ਵਾਲੀਆਂ,
ਆਪਾਂ ਕਸਮਾਂ ਖਾ ਲੱਈਏ।
ਤੇਰੇ ਪਿਆਰ ਦੀ ਡੋਰ ਚ ਬੱਝਾ,
ਫਿਰ ਯੁੱਗਾ ਤੱਕ ਭਾਉਂਦਾ ਨੀ।
ਟੁੱਟਦੇ ਜਨਮ ਜਨਮ ਨਾ ਰਿਸ਼ਤੇ ਜਿਹੜੇ ਰੱਬ ਬਣਾਉਂਦਾ ਨੀ।

ਸੱਚੇ ਪਿਆਰ ਨੂੰ ਪਾਉਣ ਲਈ,
ਮਰ ਮਰ ਜੀਣਾ ਪੈਂਦਾ ਨੀ।
ਮੰਨ ਚੀਮੇ ਦੀ ਤੂੰ ਗੱਲ ਸੱਜਣੀ,
ਉਹ ਤਰਲੇ ਪਾ ਪਾ ਕਹਿੰਦਾ ਨੀ।
ਇਕ ਵਾਰ ਜੋ ਲੰਘਿਆ ਵਕਤ।
ਕੋਈ ਨਾ ਮੋੜ ਲਿਆਉਂਦਾ ਨੀ।
ਟੁੱਟਦੇ ਜਨਮ ਜਨਮ ਨਾ ਰਿਸ਼ਤੇ ਜਿਹੜੇ ਰੱਬ ਬਣਾਉਂਦਾ ਨੀ।

*

ਕੁੜੀ ਦੁੱਧ ਚਿੱਟੀ ਮਿਸ਼ਰੀ ਦੀ ਡਲੀ, ਦੇਖੀ ਨੂਰਮਹਿਲ ਦੇ ਅੱਡੇ।
ਜਦੋਂ ਤੁਰਦੀ ਪੱਬਾਂ ਦੇ ਹੋ ਕੇ ਭਾਰ, ਕਿਸੇ ਦੇ ਪੱਲੇ ਕੱਖ ਨਾ ਛੱਡੇ।

ਰੂਪ ਜੱਟੀ ਦਾ ਬਣਾਇਆ ਐਸਾ ਰੱਬ ਨੇ,
ਕਿ ਦੇਖਿਆਂ ਵੀ ਰੂਹ ਨਾ ਰੱਜਦੀ।
ਉਹਦੀ ਨਜ਼ਰ ਚੁਫ਼ੇਰੇ ਫਿਰੇ ਘੁੰਮਦੀ,
ਪਤਾ ਨਾ ਲੱਗੇ ਕੇਹਨੂੰ ਲੱਭਦੀ।
ਨੈਣ ਨੈਣਾਂ ਨਾਲ ਜੇਹਦੇ ਵੀ ਮਿਲਾਉਂਦੀ।
ਉਹ ਦਿਲ ਵਿਚ ਛੁਰੀਆਂ ਗੱਡੇ।
ਕੁੜੀ ਦੁੱਧ ਚਿੱਟੀ ਮਿਸ਼ਰੀ ਦੀ ਡਲੀ, ਦੇਖੀ ਨੂਰਮਹਿਲ ਦੇ ਅੱਡੇ।

ਬੈਠੇ ਦੇਖਦੇ ਟਰੱਕਾਂ ਦੇ ਡਰਾਈਵਰ,
ਸੀ ਮੰਡੀ ਵਾਲੇ ਮੋੜ ਉਤੇ।
ਇਕ ਦੂਜੇ ਨੂੰ ਜਗਾਉਂਦੇ ਮਾਰ ਕੂਹਣੀਆਂ।
ਕਾਹਨੂੰ ਯਾਰੋ ਪਏਆ ਸੁੱਤੇ।
ਉਹਨੇ ਹੱਸਕੇ ਰੁਮਾਲ ਜਾ ਹਿਲਾਇਆ।
ਉਹ ਬੈਠਣ ਵੀ ਜੋਗੇ ਨਾ ਛੱਡੇ
ਕੁੜੀ ਦੁੱਧ ਚਿੱਟੀ ਮਿਸ਼ਰੀ ਦੀ ਡਲੀ, ਦੇਖੀ ਨੂਰਮਹਿਲ ਦੇ ਅੱਡੇ।

ਭੁੱਲ ਗਿਆ ਮੁੰਡਿਆਂ ਨੂੰ ਖਾਣਾ ਪੀਣਾ।
ਤੇ ਪੜ੍ਹਨੇ ਨੂੰ ਚਿੱਤ ਨਾ ਕਰੇ।
ਉਹਦੇ ਹੁਸਨ ਸ਼ੁਦਾਈ ਕੀਤੇ ਹਾਣੀਓ,
ਬਈ ਦਿਨੇ ਰਾਤੀ ਫਿਰਦੇ ਮਰੇ।
ਆਖੇ ਜੈਬਾ ਤੈਨੂੰ ਸਾਂਭਲੈ ਜਵਾਨੀ,
ਗੁਆਚੀ ਹੋਈ ਕਦੇ ਨਾ ਲੱਭੇ।
ਕੁੜੀ ਦੁੱਧ ਚਿੱਟੀ ਮਿਸ਼ਰੀ ਦੀ ਡਲੀ, ਦੇਖੀ ਨੂਰਮਹਿਲ ਦੇ ਅੱਡੇ।
ਜਦੋਂ ਤੁਰਦੀ ਪੱਬਾਂ ਦੇ ਹੋ ਕੇ ਭਾਰ, ਕਿਸੇ ਦੇ ਪੱਲੇ ਕੱਖ ਨਾ ਛੱਡੇ।

*

ਤੀਰ ਨੈਣਾਂ ਦੇ ਉਹ ਕੱਸ ਕਾਸ ਮਾਰੇ, ਜਾ ਮਿੰਨਾਂ ਮਿੰਨਾਂ ਫਿਰੇ ਹੱਸਦੀ।
ਸੁਹੇ ਬੁਲ ਜਿਉ ਗੁਲਾਬ ਦੀਆਂ ਪੱਤੀਆਂ, ਦਿਲਾਂ ਦੇ ਵਿਚ ਜਾਵੇ ਧੱਸਦੀ।

ਹੋਈਆਂ ਕਾਲਜ ਵਿਚ ਛੁੱਟੀਆਂ,
ਨੀਵੀਂ ਪਾ ਕੇ ਜਾਵੇ ਸੋਚਦੀ।
ਦਿਲ ਉਡ ਗਿਆ ਮਾਰ ਕੇ ਉਡਾਰੀ,
ਰਹੀ ਸੀ ਬਥੇਰਾ ਰੋਕਦੀ,
ਹਾਣੀ ਆਪਣੇ ਦੇ ਪਿਆਰ ਦੀ ਨਿਸ਼ਾਨੀ।
ਉਹ ਸੀਨੇ ਨਾਲ ਲਾ ਕੇ ਰੱਖਦੀ।
ਤੀਰ ਨੈਣਾਂ ਦੇ ਉਹ ਕੱਸ ਕਾਸ ਮਾਰੇ, ਜਾ ਮਿੰਨਾਂ ਮਿੰਨਾਂ ਫਿਰੇ ਹੱਸਦੀ।

ਫਿਰੇ ਗਮਾਂ ਵਿਚ ਡੁੱਬੀ,
ਜਦੋਂ ਬੱਸ ਅੱਡੇ ਆਈ।
ਉਹਨੂੰ ਰਿਹਾ ਨਾ ਖਿਆਲ,
ਕਦੋਂ ਟਿਕਟ ਕਟਾਈ।
ਬੈਠੀ ਕੱਡ ਕੇ ਪਰਸ ਵਿਚੋਂ ਫੋਟੋ,
ਬਿੱਟ ਬਿੱਟ ਉਹਨੂੰ ਤੱਕਦੀ।
ਤੀਰ ਨੈਣਾਂ ਦੇ ਉਹ ਕੱਸ ਕਾਸ ਮਾਰੇ, ਜਾ ਮਿੰਨਾਂ ਮਿੰਨਾਂ ਫਿਰੇ ਹੱਸਦੀ।

ਛੁੱਟੀ ਕੱਟਣ ਬਹਾਨੇ ਸੀ,
ਉਹ ਪਿੰਡ ਵਿਚ ਆਈ।
ਦੇਖ ਖਿੜਿਆ ਇਹ ਫੁੱਲ।
ਭੋਰੇ ਹੋ ਗਏ ਨੇ ਸ਼ੁਦਾਈ।
ਘੜੀ ਮੁੜੀ ਮਾਰਦੇ ਨੇ ਗੇੜੇ,
ਉਹਨਾਂ ਦੇ ਨਈਓ ਗੱਲ ਵੱਸਦੀ।
ਤੀਰ ਨੈਣਾਂ ਦੇ ਉਹ ਕੱਸ ਕਾਸ ਮਾਰੇ, ਜਾ ਮਿੰਨਾਂ ਮਿੰਨਾਂ ਫਿਰੇ ਹੱਸਦੀ।

ਜਿਵੇਂ ਡੁੱਬਦੇ ਸੂਰਜ ਦੀ ਲਾਲੀ,
ਸੰਧਿਆ ਦਾ ਮੁੱਖ ਚੁੰਮਦੀ।
ਲੈ ਕੇ ਧੁੰਧਲੇ ਖਿਆਲ ਤੇਰੇ ਜੈਬਿਆ,
ਉਹ ਗਲੀਆਂ ਚ ਫਿਰੇ ਘੁੰਮਦੀ।
ਅੱਜ ਸਦੀਆਂ ਦੀ ਲੱਗਦੀ ਬਿਮਾਰ,
ਜਿਹੜੀ ਸੀ ਰਹਿੰਦੀ ਸਦਾ ਨੱਚਦੀ।
ਤੀਰ ਨੈਣਾਂ ਦੇ ਉਹ ਕੱਸ ਕਾਸ ਮਾਰੇ, ਜਾ ਮਿੰਨਾਂ ਮਿੰਨਾਂ ਫਿਰੇ ਹੱਸਦੀ।
ਉਹਦੇ ਬੁੱਲ੍ਹ ਜਿਓ ਗੁਲਾਬ ਦੀਆਂ ਪੱਤੀਆਂ ਦਿਲਾਂ ਦੇ ਵਿਚ ਜਾਵੇ ਧੱਸਦੀ।

*

ਰੀਝਾਂ ਲਾ ਲਾ ਗੁੰਦਿਆ ਸੀ ਮੈਂ ਹਾਰ ਪਿਆਰਾਂ ਦਾ।
ਫੁੱਲਾਂ ਕਲੀਆਂ ਵਿੱਚ ਪਰੋਇਆ ਵਾਅਦਾ ਦਿਲਦਾਰਾਂ ਦਾ।

ਮੈਨੂੰ ਨਹੀਂ ਭੁਲਾਇਆ ਭੁੱਲਦੀ ਤੇਰੀ ਯਾਦ ਸਤਾਉਂਦੀ ਏ।
ਤਾਰੇ ਗਿਣ ਗਿਣ ਰਾਤ ਲੰਘਾਵਾਂ ਪਲ ਨੀਂਦ ਨਾ ਆਉਂਦੀ ਏ।
ਮੈਂ ਹੋਇਆ ਫਿਰਾਂ ਦੀਵਾਨਾ ਛੱਡ ਫੁੱਲਾਂ ਨੂੰ ਖਾਰਾਂ ਦਾ।
ਰੀਝਾਂ ਲਾ ਲਾ ਗੁੰਦਿਆ ਸੀ ਮੈਂ ਹਾਰ ਪਿਆਰਾਂ ਦਾ।

ਤੈਨੂੰ ਚੇਤੇ ਕਰ ਕਰ ਰੋਵਾਂ/ਕੇਹਨੂੰ ਦੁੱਖ ਸੁਣਾਵਾਂ ਮੈਂ।
ਕੋਈ ਦੱਸਿਆ ਨਹੀਂ ਟਿਕਾਣਾ ਕਿੱਥੇ ਲੱਭਣ ਜਾਵਾਂ ਮੈਂ।
ਬੈਠਾ ਸਾਂਭੀ ਦੇਖ ਖ਼ਜਾਨਾ ਤੇਰੇ ਕੀਤੇ ਇਕਰਾਰਾਂ ਦਾ।
ਰੀਝਾਂ ਲਾ ਲਾ ਗੁੰਦਿਆ ਸੀ ਮੈਂ ਹਾਰ ਪਿਆਰਾਂ ਦਾ।

ਤੇਰੇ ਮੋਤੀਆਂ ਵਰਗੇ ਦੰਦ ਜਦ ਬੁੱਲਾਂ ਵਿੱਚ ਹੱਸਦੇ ਸੀ।
ਕੀ ਦੱਬੀਆਂ ਦਿਲਾਂ ਚ ਉਮੰਗਾਂ ਤੇਰੇ ਨੈਣ ਪਏ ਦੱਸਦੇ ਸੀ।
ਚੱਲ ਕਿਧਰੇ ਤੁਰ ਚੱਲੀਏ, ਵਕਤ ਨਾ ਸੋਚ ਵਿਚਾਰਾਂ ਦਾ।
ਰੀਝਾਂ ਲਾ ਲਾ ਗੁੰਦਿਆ ਸੀ ਮੈਂ ਹਾਰ ਪਿਆਰਾਂ ਦਾ।

ਭੋਲੀ ਭਾਲੀ ਸੂਰਤ ਤੇਰੀ ਜਾਂ ਧੁੰਦਲੀ ਜਿਹੀ ਆਉਂਦੀ ਏ।
ਖਬਰੇ ਕੀ ਕਹਿ ਕੇ ਦੂਰ ਜਾਂਦੀ ਕੁਝ ਵੀ ਸਮਝ ਨਾ ਆਉਂਦੀ ਏ।
ਚੀਮਿਆ ਕਰ ਜੋੜਨ ਦਾ ਹੀਲਾ ਦਿਲ ਦੀਆਂ ਟੁੱਟੀਆਂ ਤਾਰਾਂ ਦਾ।

ਰੀਝਾਂ ਲਾ ਲਾ ਗੁੰਦਿਆ ਸੀ ਮੈਂ ਹਾਰ ਪਿਆਰਾਂ ਦਾ।
ਫੁੱਲਾਂ ਕਲੀਆਂ ਵਿੱਚ ਪਰੋਇਆ ਵਾਇਦਾ ਦਿਲਦਾਰਾਂ ਦਾ।

*

ਸੰਗਦੀ ਮੂੰਹੋਂ ਕੁਝ ਨਾ ਬੋਲੇ, ਹੱਸਕੇ ਨੀਵੀਂਆਂ ਪਾਉਨੀ ਏਂ।
ਲੁੱਕ-ਲੁੱਕ ਬਹਿਣਾ ਲੁੱਕਕੇ ਤੱਕਣਾ, ਤੂੰ ਕੇਹਤੋਂ ਸ਼ਰਮਾਉਨੀ ਏਂ।

ਨਾ ਕਰ ਮਾਣ ਹੁਸਨ ਦਾ, ਅੜੀਏ ਤੇਰਾ ਭੁਲੇਖਾ ਦਿਲ ਦਾ ਨੀਂ।
ਰੱਬ ਕਿਸੇ-ਕਿਸੇ ਨੂੰ ਦਿੰਦਾ, ਨਾ ਹਰ ਇਕ ਨੂੰ ਮਿਲਦਾ ਨੀਂ।
ਨਾ ਕੁਝ ਸਮਝੇ ਨਾ ਸਮਝਾਵੇ, ਐਵੇਂ ਬੁਝਾਰਤਾਂ ਪਾਉਨੀ ਏਂ।
ਸੰਗਦੀ ਮੂੰਹੋਂ ਕੁਝ ਨਾ ਬੋਲੇ, ਹੱਸਕੇ ਨੀਵੀਂਆਂ ਪਾਉਨੀ ਏਂ।

ਇਹ ਜੋ ਅੱਥਰੀ ਤੇਰੀ ਜਵਾਨੀ, ਕਿਤੇ ਲਕੋਕੇ ਰੱਖ ਅੜੀਏ।
ਰੰਗ ਸੂਰਜ ਵਾਂਗ ਚਮਕੇ ਤੇਰਾ, ਗੁਲਾਬੀ ਫੁੱਲ ਝੜੀਏ।
ਐਸੇ ਤੀਰ ਨੈਣਾਂ ਦੇ ਮਾਰੇ, ਉਡਦੇ ਪੰਛੀ ਲਾਉਨੀਂ ਏਂ।
ਸੰਗਦੀ ਮੂੰਹੋਂ ਕੁਝ ਨਾ ਬੋਲੇ, ਹੱਸਕੇ ਨੀਵੀਂਆਂ ਪਾਉਨੀ ਏਂ।

ਰੂਪ ਤੇਰੇ ਦੀਆਂ ਗੱਲਾਂ ਹੁੰਦੀਆਂ ਘਰ-ਘਰ ਸਾਰੇ ਨੀਂ।
ਤੇਰੇ ਪਿਆਰ ਦੇ ਹੋਏ ਦੀਵਾਨੇ, ਹਿਜਰ ਦੇ ਮਾਰੇ ਨੀਂ।
ਦੱਸ ਕੀ ਉਹਨਾਂ ਗੁਆਇਆ, ਕਿਉਂ ਐਨਾ ਤੜਫਾਉਨੀ ਏਂ।
ਸੰਗਦੀ ਮੂੰਹੋਂ ਕੁਝ ਨਾ ਬੋਲੇ, ਹੱਸਕੇ ਨੀਵੀਂਆਂ ਪਾਉਨੀ ਏਂ।

ਜੋੜੀ ਜੁਗਾਂ-ਜੁਗਾਂ ਤਕ ਰਹਿਣੀ, ਉਹਦੀ ਤੇ ਤੇਰੀ ਨੀਂ।
ਲਿਖਤਾਂ ਧਰਮ ਰਾਜ ਨੇ ਲਿਖੀਆ, ਨਾ ਕੋਈ ਹੇਰਾ ਫੇਰੀ ਨੀਂ।
ਚੀਮਿਆ ਵਾਲੇ ਨੂੰ ਸਮਝਾਲੈ ਉਹਨੂੰ ਸਮਝ ਨਾ ਆਉਂਦੀ ਏ।

ਸੰਗਦੀ ਮੂੰਹੋਂ ਕੁਝ ਨਾ ਬੋਲੇ, ਹੱਸਕੇ ਨੀਵੀਂਆਂ ਪਾਉਨੀ ਏਂ।
ਲੁੱਕ-ਲੁੱਕ ਬਹਿਣਾ ਲੁੱਕਕੇ ਤੱਕਣਾ, ਤੂੰ ਕੇਹਤੋਂ ਸ਼ਰਮਾਉਨੀ ਏਂ।

*

ਇੰਡੀਆ ਦੇ ਵਿੱਚ ਜਦੋਂ ਪੜਦੇ ਸੀ ਕੱਠੇ, ਬੋਲੀ ਨਾ ਤੂੰ ਕਦੇ ਵੀ ਬੁਲਾਈ।
ਝੁੱਲ ਗਈ ਹਨੇਰੀ ਬਣਕੇ, ਨੀ ਤੂੰ ਜਦੋਂ ਦੀ ਕਨੇਡਾ ਵਿੱਚ ਆਈ।

ਕੀਤਾ ਰਾਤ ਨਾ ਖਿਆਲ,
ਬਿਲੋ ਰੱਲ ਮੇਮਾਂ ਨਾਲ।
ਨਿੱਤ ਡਿਸਕੋ ਨੂੰ ਜਾਵੇ,
ਖੁਲੇ ਛੱਡ ਲੰਬੇ ਵਾਲ।
ਜੋਰ ਘਰਦਿਆਂ ਲਾਇਆ ਤੈਨੂੰ ਬੜਾ ਸਮਝਾਇਆ,
ਹਟੇ ਨਾ ਤੂੰ ਕਿਸੇ ਦੀ ਹਟਾਈ।
ਝੁੱਲ ਗਈ ਹਨੇਰੀ ਬਣਕੇ, ਨੀ ਤੂੰ ਜਦੋਂ ਦੀ ਕਨੇਡਾ ਆਈ।

ਸੱਚ ਕਿਸੇ ਨੂੰ ਨਾ ਦੱਸੇ,
ਗੇੜੇ ਪਾਰਕਾਂ ਚ ਲਾਵੇਂ।
ਦੇਖ ਹਾਣੀ ਅਲਵੇਲੇ,
ਖੜੀ ਸੀਟੀਆਂ ਵਜਾਵੇਂ।
ਮੇਨ ਰੋਡ ਉਤੇ ਘੁੰਮਦੀਆਂ ਕਾਰਾਂ,
ਮੱਚੀ ਹਰ ਪਾਸੇ ਤੇਰੀ ਹੀ ਦੁਹਾਈ।
ਝੁੱਲ ਗਈ ਹਨੇਰੀ ਬਣਕੇ, ਨੀ ਤੂੰ ਜਦੋਂ ਦੀ ਕਨੇਡਾ ਵਿਚ ਆਈ।

ਸੱਤਾ ਵਿਚੋਂ ਪੰਜ ਦਿਨ,
ਡਾਉਨ ਟਾਉਨ ਜਾਵੇਂ।
ਲੱਗੇ ਘਰੇ ਨਾ ਸੁਆਦ,
ਖਾਣਾ ਹੋਟਲਾਂ ਚ ਖਾਵੇਂ।
ਬੋਲੇ ਝੂਠ ਤੇ ਤੁਫਾਨ ਕੀਤਾ ਚੀਮਾ ਬਦਨਾਮ,
ਖਾ ਗਈ ਲੁੱਟਕੇ ਵਿਚਾਰੇ ਦੀ ਕਮਾਈ ਨੀ।
ਝੁੱਲ ਗਈ ਹਨੇਰੀ ਬਣਕੇ, ਨੀ ਤੂੰ ਜਦੋਂ ਦੀ ਕਨੇਡਾ ਵਿਚ ਆਈ।

ਕਰਾਂ ਮੈਂ ਮਿੰਨਤ ਤੇਰੀ ਦੋਵੇਂ ਹੱਥ ਜੋੜ,
ਮੰਨ ਲੈ ਤੂੰ ਮੇਰਾ ਇਹ ਕਹਿਣਾ।
ਡਾਲੀ ਨਾਲੋਂ ਟੁੱਟੇ ਫੁੱਲ ਵਾਂਗੂੰ ਰੁਲ ਜਾਉ,
ਜੋਬਨ ਸਦਾ ਨਾ ਤੇਰਾ ਰਹਿਣਾ।
ਭੁੱਲ ਗਈ ਏ ਜੈਬੇ ਤਾਈ ਹਾਨਣੇ,
ਕੀ ਨੀ ਤੇਰੀ ਇਹ ਚੁਤਰਾਈ।
ਝੁੱਲ ਗਈ ਹਨੇਰੀ ਬਣਕੇ, ਨੀ ਤੂੰ ਜਦੋਂ ਦੀ ਕਨੇਡਾ ਵਿੱਚ ਆਈ।

*

ਰੱਖ ਕੁੜੀਏ ਰੱਖ ਕੁੜੀਏ ਨੀ ਇਹਨਾਂ ਭੋਰਾਂ ਕੋਲੋਂ ਫੁੱਲਾਂ ਨੂੰ ਬਚਾਕੇ।
ਦੱਸ ਮੁੰਡਿਆ ਦੱਸ ਮੁੰਡਿਆ ਵੇ ਤੈਨੂੰ ਕੀ ਲੱਭਿਆ, ਸਾਡੀ ਅੱਲੜਾਂ ਦੀ ਨੀਂਦ ਗਵਾਕੇ

ਉਮਰ ਨਿਆਣੀ ਖੇਡੇ ਗੁੱਡੀਆਂ ਪਟੋਲੇ,
ਨੱਚ ਟੱਪ ਚੜੀਆਂ ਜਵਾਨੀਆਂ।
ਲੋਚਦਾ ਹੈ ਦਿਲ ਜਦੋਂ ਹਾਣੀ ਦਾ ਪਿਆਰ,
ਰਹਿੰਦਾ ਕਰਦਾ ਨਿਆਣ ਮਨ ਮਾਨੀਆਂ।
ਤੇਰੀਆਂ ਅਦਾਵਾਂ ਦਿਲ ਕੱਢ ਲਿਆ ਮੇਰਾ,
ਬਹਿ ਗਈ ਉਮਰਾਂ ਦਾ ਰੌਣਾ ਗੱਲ ਪਾਕੇ।
ਦੱਸ ਮੁੰਡਿਆ ਵੇ ਤੈਨੂੰ ਕੀ ਲੱਭਿਆ, ਸਾਡੀ ਅੱਲੜਾਂ ਦੀ ਨੀਂਦ ਗਵਾਕੇ।

ਇਸ਼ਕ ਦੀ ਅੱਗ ਹੈ ਦੁਵੱਲੀ ਹੁੰਦੀ ਸੋਹਣੀਏ,
ਇਕ ਪਾਸਿਓਂ ਨਾਂ ਕਦੇ ਲੱਗਦੀ।
ਜੇ ਪਾਇਆ ਹੁੰਦਾ ਕੱਲੇ ਪੁੰਨੂ ਨੇ ਪਿਆਰ,
ਸੱਸੀ ਕਦੇ ਨਾ ਬਲੋਚਾ ਪਿੱਛੇ ਭੱਜਦੀ।
ਤੱਤੀ ਤੱਤੀ ਰੇਤ ਨਾਲ ਪੈਰੀ ਪੈ ਗਏ ਛਾਲੇ,
ਮਰ ਗਈ ਉਹ ਥਲਾਂ ਵਿਚ ਜਾ ਕੇ।
ਰੱਖ ਕੁੜੀਏ ਰੱਖ ਕੁੜੀਏ ਨੀ ਇਹਨਾਂ ਭੌਰਾਂ ਕੋਲੋਂ ਫੁੱਲਾਂ ਨੂੰ ਬਚਾਕੇ।

ਜਦੋਂ ਦਾ ਪਿਆਰ ਪਾਇਆ ਤੇਰੇ ਨਾਲ ਹਾਣੀਆਂ,
ਨਾਂ ਹੋਰ ਕੋਈ ਦਿਸਦਾ ਸਹਾਰਾ ਵੇ।
ਰੱਖਕੇ ਤਸੱਲੀ ਮੇਰੀ ਕਰ ਲਈ ਉਡੀਕ,
ਪਾ ਨਾ ਦੇਵੀਂ ਕੋਈ ਤੂੰ ਪੁਆੜਾ ਵੇ।
ਤੇਰੇ ਮੈਂ ਪਿਆਰ ਵਿਚ ਬਣਕੇ ਪਤੰਗ,
ਨਿੱਤ ਉਡਦੀ ਹਵਾ ਦੇ ਸੰਗ ਜਾ ਕੇ।
ਦੱਸ ਮੁੰਡਿਆ ਵੇ ਤੈਨੂੰ ਕੀ ਲੱਭਿਆ, ਸਾਡੀ ਅੱਲੜਾਂ ਦੀ ਨੀਂਦ ਗਵਾਕੇ।

ਦੁਨੀਆਂ ਦੀ ਨਜ਼ਰਾਂ ਤੋਂ ਬਚ ਕੇ ਰਹੀ,
ਏਥੇ ਫਿਰਦੇ ਨੇ ਚੋਰ ਚੁਫੇਰੇ,
ਸਦੀਆਂ ਤੋਂ ਆਉਂਦੇ ਚੱਲੇ ਇਸ਼ਕੇ ਦੇ ਵੈਰੀ,
ਕੋਈ ਨਵੇਂ ਨਹੀਂ ਬਣੇ ਤੇਰੇ ਮੇਰੇ।
ਕਿਹੜੀਆਂ ਤੂੰ ਸੋਚਾਂ ਵਿਚ ਡੁੱਬ ਗਈਉ ਅੱਜ,
ਲਾਰੇ ਚੀਮੇ ਨੂੰ ਪਿਆਰ ਵਾਲੇ ਲਾ ਕੇ।
ਰੱਖ ਕੁੜੀਏ ਰੱਖ ਕੁੜੀਏ ਨੀ ਇਹਨਾਂ ਭੌਰਾਂ ਕੋਲੋਂ ਫੁੱਲਾਂ ਨੂੰ ਬਚਾਕੇ।
ਦੱਸ ਮੁੰਡਿਆ ਦੱਸ ਮੁੰਡਿਆ ਵੇ ਤੈਨੂੰ ਕੀ ਲੱਭਿਆ, ਸਾਡੀ ਅੱਲੜਾਂ ਦੀ ਨੀਂਦ ਗਵਾਕੇ

*

ਦਿਲ ਮੁੰਡਿਆਂ ਦਾ ਦੇਖੋ ਲੈ ਗਈ ਕੱਢਕੇ, ਯਾਰੋ ਹਾਣਦੀ ਕੁੜੀ।
ਥੋੜਾ ਥੋੜਾ ਸ਼ਰਮਾਵੇ ਪਬ ਧਰਤੀ ਨਾਂ ਲਾਵੇ, ਿ
ਫਰਦੀ ਹਵਾ ਚ ਜਿਵੇਂ ਤਿੱਤਲੀ ਉੜੀ।

ਪੱਤਲਾ ਸਰੀਰ ਗੋਰੇ ਅੰਗਾਂ ਤੇ ਨਿਖਾਰ,
ਚੁੰਗੀਆਂ ਹਰਨ ਵਾਂਗੂੰ ਭਰਦੀ,
ਪੱਤ ਝੜ ਜਾਣ ਪਿੱਛੋਂ ਆਉਂਦੀ ਜਿਉਂ ਬਹਾਰ,
ਨਾਲ ਬਈ ਹਵਾਵਾਂ ਗੱਲਾਂ ਕਰਦੀ।
ਲੰਗੀ ਹੱਸਕੇ ਜਾ ਕੋਲੋਂ ਨਾਲੇ ਅੱਖ ਦੱਬਕੇ,
ਜਦੋਂ ਮੋੜ ਤੋਂ ਮੁੜੀ।
ਦਿਲ ਮੁੰਡਿਆਂ ਦਾ ਦੇਖੋ ਲੈ ਗਈ ਕੱਢਕੇ, ਯਾਰੋ ਹਾਣਦੀ ਕੁੜੀ।

ਅੱਖਾਂ ਬਿੱਲੀਆਂ ਚ ਲੱਗੇ ਕਾਲਾ ਕੱਜਲਾ,
ਚੰਦ ਜਿਵੇਂ ਦੂਜ ਦਾ ਚੜੇ।
ਜਾਵੇ ਹਵਾ ਚ ਸੁਗੰਧੀਆਂ ਉਹ ਘੋਲਦੀ,
ਰਹਿ ਗਏ ਸਾਰੇ ਦੇਖਦੇ ਖੜੇ।
ਜਦੋਂ ਹੱਸਦੀ ਖਿਲਾਰ ਦੇਵੇ ਖੁਸ਼ੀਆਂ,
ਕਲੇਜੇ ਵਿਚ ਮਾਰਦੀ ਛੁਰੀ।
ਦਿਲ ਮੁੰਡਿਆਂ ਦਾ ਦੇਖੋ ਲੈ ਗਈ ਕੱਢਕੇ, ਯਾਰੋ ਹਾਣਦੀ ਕੁੜੀ।

ਚੜਦੀ ਜੁਆਨੀ ਚੋ ਚੋ ਪੈਂਦਾ ਰੰਗ,
ਬੁਲ ਸੁਹੇ ਫੁੱਲ ਨੇ ਗੁਲਾਬ।
ਪਹਿਲੀ ਤੱਕਣੀ ਦੇ ਨਾਲ ਪੱਟ ਗਈ,
ਪੱਟ ਗਈ ਉਹ ਗੱਭਰੂ ਪੰਜਾਬ ਦੇ।
ਰੱਖ ਲੈ ਲਕੋਕੇ ਰੂਪ ਸੋਹਣਾ ਨੱਡੀਏ ਨੀ,
ਚੀਮੇ ਦੀ ਹੈ ਨਜ਼ਰ ਬੁਰੀ।

ਦਿਲ ਮੁੰਡਿਆਂ ਦਾ ਦੇਖੋ ਲੈ ਗਈ ਕੱਢਕੇ, ਯਾਰੋ ਹਾਣਦੀ ਕੁੜੀ।
ਥੋੜਾ ਥੋੜਾ ਸ਼ਰਮਾਵੇ ਪਬ ਧਰਤੀ ਨਾਂ ਲਾਵੇ, ਫਿਰਦੀ ਹਵਾ ਚ ਜਿਵੇਂ ਤਿੱਤਲੀ ਉੜੀ

*

ਖਿੜਿਆ ਫੁੱਲ ਜੋਬਨ ਦਾ ਤੇਰਾ, ਮਹਿਕਾਂ ਵੰਡਦਾ ਸਾਰੇ ਨੀ।
ਭੁੱਲਿਆ ਪੜਨਾਂ ਲਿਖਣਾ ਸਾਨੂੰ, ਦੇਖ ਤੈਨੂੰ ਮੁਟਿਆਰੇ ਨੀ।

ਕੂਲੇ ਗੰਦਲਾ ਵਰਗੇ ਅੰਗ, ਤੂੰ ਉਡਦੀ ਹਵਾ ਚ ਆਵੇ ਨੀ।
ਜਾਵੇ ਬੈਠ ਕਾਲਜਾ ਫੱੜਕੇ, ਜਿਸ ਨੂੰ ਹੱਸ ਬੁਲਾਵੇ ਨੀ।
ਅੱਖਾਂ ਵਿਚ ਕਜਲੇ ਦੀ ਧਾਰੀ ਨੇ ਤੇਰੇ ਕਹਿਰ ਗੁਜਾਰੇ ਨੀ।
ਭੁੱਲਿਆ ਪੜਨਾ ਲਿਖਣਾ ਸਾਨੂੰ ਦੇਖ ਤੈਨੂੰ ਮੁਟਿਆਰੇ ਨੀ।

ਚੜਦੇ ਸੂਰਜ ਵਾਂਗੂੰ ਤੇਰਾ ਹਾਨਣੇ ਮੁੱਖੜਾ ਚਮਕੇ ਨੀ।
ਅੱਲੜ ਉਮਰ ਚ ਛਾਇਆ, ਰੂਪ ਘਟਾਵਾਂ ਬਣਕੇ ਨੀ।
ਮੋਰਾਂ ਵਾਂਗੂੰ ਪੈਲਾਂ ਪਾਵੇ, ਲੱਕ ਦੇ ਮਾਰ ਹੁਲਾਰੇ ਨੀ।
ਭੁੱਲਿਆ ਪੜਨਾ ਲਿਖਣਾ ਸਾਨੂੰ, ਦੇਖ ਤੈਨੂੰ ਮੁਟਿਆਰੇ ਨੀ।

ਹੋ ਗਈ ਵਿਚ ਕਾਲਜ ਦੇ ਤੇਰੀ, ਸੋਹਣੀਏ ਬੱਲੇ ਬੱਲੇ ਨੀ।
ਛੱਡ ਮੁੰਡਿਆਂ ਨੂੰ ਪ੍ਰੋਫੈਸਰ ਵੀ, ਤੂੰ ਕੀਤੇ ਝੱਲੇ ਨੀ।
ਗੱਲਾਂ ਕਰਨ ਚੁਸਕੀਆਂ ਲਾ ਕੇ, ਰੱਲ ਜਾ ਬਹਿੰਦੇ ਸਾਰੇ ਨੀ।
ਭੁੱਲਿਆ ਪੜਨਾ ਲਿਖਣਾ ਸਾਨੂੰ, ਦੇਖ ਤੈਨੂੰ ਮੁਟਿਆਰੇ ਨੀ।

ਨਜ਼ਰਾਂ ਜੱਗ ਦੀਆਂ ਕੋਲੋਂ ਤੈਨੂੰ, ਝੱਲੀਏ ਫਿਰੇ ਬਚਾਉਂਦਾ ਨੀ।
ਉਠਦਾ ਬਹਿੰਦਾ ਚੀਮਿਆ ਵਾਲਾ, ਇਹੀ ਸੋਚ ਦੁੜਾਉਂਦਾ ਸੀ।
ਬਾਹੋਂ ਫੜਕੇ ਪਾਰ ਲੰਘਾਦੇ ਕਰਦੇ ਪਾਰ ਉਤਾਰੇ ਨੀ।
ਭੁੱਲਿਆ ਪੜਨਾ ਲਿਖਣਾ ਸਾਨੂੰ, ਦੇਖ ਤੈਨੂੰ ਮੁਟਿਆਰੇ ਨੀ।

*

ਸੱਪ ਵਾਂਗੂੰ ਵਲ ਖਾਵੇ ਪਤਲਾ ਸਰੀਰ, ਮੁੰਡਿਆਂ ਨੂੰ ਡੰਗੀ ਜਾਵੇ ਜਿਹੜਾ।
ਤੂੰ ਗਿੱਧੇ ਵਿਚ ਲਾਦੇ ਰੌਣਕਾਂ, ਚੱਲਿਆਂ ਵਿਆਉਣ ਜੇਠ ਤੇਰਾ।

ਪੋਲੀ ਪੋਲੀ ਅੱਡੀ ਅੱਜ ਧਰਤੀ ਤੇ ਮਾਰਦੇ,
ਛੜੇ ਜੇਠ ਵੇਹੜੇ ਨੀ ਤੂੰ ਖੁਸ਼ੀਆਂ ਖਿਲਾਰਦੇ।
ਨੱਕ ਵਿੱਚ ਤੇਰੇ ਚਮਕਾਰੇ ਪਿਆ ਮਾਰੇ,
ਲੌਂਗ ਛੋਟੇ ਨੇ ਬਣਾ ਕੇ ਦਿੱਤਾ ਜੇਹੜਾ।
ਤੂੰ ਗਿੱਧੇ ਵਿਚ ਲਾਦੇ ਰੌਣਕਾਂ, ਚੱਲਿਆ ਵਿਆਉਣ ਜੇਠ ਤੇਰਾ।

ਪੈਰੀਂ ਪਾ ਕੇ ਝਾਂਜਰਾਂ ਜਾ ਤੁਰੇ ਨੂੰ ਰਕਾਨੇ,
ਗਲੀਆਂ ਚ ਪੈਂਦਾ ਜਾਵੇ ਛੋਰ ਨੀ।
ਅੰਬੀਆਂ ਤੇ ਬੈਠੀ ਕੋਇਲ ਭੁੱਲ ਜਾਵੇ ਗਾਉਣਾਂ,
ਬਾਗਾਂ ਵਿੱਚ ਪੈਲ ਪਾਉਣ ਮੋਰ ਨੀ।
ਅੱਖੀ ਸੁਰਮਾ ਤੂੰ ਪਾ ਦੇ ਸਾਰੇ ਸ਼ਗਨ ਮਨਾਂਦੇ,
ਰੱਖ ਕੇ ਬੰਨੇ ਦੇ ਸਿਰ ਸੇਹਰਾ।
ਤੂੰ ਗਿੱਧੇ ਵਿਚ ਲਾਦੇ ਰੌਣਕਾਂ, ਚੱਲਿਆ ਵਿਆਉਣ ਜੇਠ ਤੇਰਾ।

ਦਾਰੂ ਪੀ ਕੇ ਦੇਖੀ ਜੱਟ ਬੱਕਰੇ ਬਲਾਉਂਦੇ,
ਰੱਖਣੀ ਸ਼ਰੀਕਾਂ ਉਤੇ ਲੱਤ ਨੀ।
ਛੜਾ ਛੜਾ ਆਖ ਕੇ ਜੋ ਮਾਰਦੇ ਸੀ ਬੋਲੀ,
ਵੱਡੂਗਾਂ ਉਹਨਾਂ ਦੇ ਦੇਖੀ ਨੱਕ ਨੀ।
ਸੁਣ ਸੁਣ ਤਾਨੇ ਮੇਹਨੇ ਆਂਡਣਾਂ ਗੁਆਂਢਣਾਂ ਦੇ,
ਕੋਲੇ ਹੋਗਿਆ ਸੀ ਦਿਲ ਮੇਰਾ।
ਤੂੰ ਗਿੱਧੇ ਵਿਚ ਲਾਦੇ ਰੌਣਕਾਂ, ਚੱਲਿਆ ਵਿਆਉਣ ਜੇਠ ਤੇਰਾ।

ਦੇਖ ਵੱਜਦੇ ਪਏ ਵਾਜੇ,
ਜਾਂਜੀ ਭੰਗੜਾ ਪਏ ਪਾਉਣ ਨੀ।

ਹੋ ਗਈ ਵਿਚ ਨੀ ਸ਼ਰੀਕਾਂ,
ਮੇਰੀ ਗਿੱਠ ਉਚੀ ਧੋਣ ਨੀ,
ਜੱਟ ਦਿਆਂ ਡੋਲਿਆਂ ਚ ਬੜੀ ਹੈ ਰੜਕ,
ਰੋਕੂ ਮੇਰੇ ਤਾਈ ਦੱਸ ਅੱਜ ਕੇਹੜਾ।
ਤੂੰ ਗਿੱਧੇ ਵਿਚ ਲਾਦੇ ਰੌਣਕਾਂ, ਚੱਲਿਆ ਵਿਆਉਣ ਜੇਠ ਤੇਰਾ।

*

ਆਜਾ ਆਜਾ ਆਜਾ ਨੱਚ ਲੈ ਤੂੰ ਨੱਚ ਲੈ ਹੁਸੀਨ ਜੱਟੀਏ।
ਆਵੇ ਗਿੱਧੇ ਵਿਚ ਨਵੀਂ ਹੀ ਬਹਾਰ ਆਪਾ ਜਦੋਂ ਦੋਵੇਂ ਨੱਚੀਏ।

ਭੰਗੜਾ ਤੇ ਗਿੱਧਾ ਹੈ ਪੰਜਾਬੀਆਂ ਦੀ ਸ਼ਾਨ ਨੀ,
ਸਾਡਿਆਂ ਰਿਵਾਜ਼ਾਂ ਉਤੇ ਸਾਨੂੰ ਬੜਾ ਮਾਣ ਨੀ।
ਜੱਟ ਕਰਦੇ ਕਲੋਲ ਮਿੱਠੇ ਜੱਟੀਆਂ ਦੇ ਬੋਲ,
ਤੈਨੂੰ ਦੇਖ ਦੇਖ ਜੀਵਾ ਗੰਦਲੇ ਨੀ ਕੱਚੀਏ।
ਆਵੇ ਗਿੱਧੇ ਵਿਚ ਨਵੀਂ ਹੀ ਬਹਾਰ ਆਪਾ ਜਦੋਂ ਦੋਵੇਂ ਨੱਚੀਏ।

ਪਿੰਡ ਦਿਆਂ ਮੁੰਡਿਆਂ ਦੀ ਦੇਖ ਜਵਾਨੀ ਨੂੰ।
ਲੱਗਦਾ ਹੈ ਮੈਨੂੰ ਹੋਈ ਫਿਰੇ ਮਸਤਾਨੀ ਤੂੰ।
ਆਉਂਦੀ ਕੁੜੀਆਂ ਦੀ ਢਾਣੀ ਵਿਚੋਂ ਲੱਭੇ ਕੋਈ ਹਾਣੀ,
ਬੰਨ ਝਾਂਜਰਾ ਤੂੰ ਪੈਰੀ ਦੇਦੇ ਗੇੜਾ ਪੰਜਾਬ ਦੀਏ ਸ਼ੇਰ ਬੱਚੀਏ।
ਆਵੇ ਗਿੱਧੇ ਵਿਚ ਨਵੀਂ ਹੀ ਬਹਾਰ ਆਪਾ ਜਦੋਂ ਦੋਵੇਂ ਨੱਚੀਏ।

ਦੇਖੀ ਗਿੱਧੇ ਦੀ ਸ਼ੌਕੀਨਣ ਜਾ ਗਿੱਧੇ ਵਿੱਚ ਆਈ,
ਮੁੰਡੇ ਬੈਠੇ ਜੋ ਬਨੇਰਿਆਂ ਤੇ ਬੋਲੀ ਉਹ ਨੀ ਪਾਈ।
ਕਹਿੰਦੇ ਕਿੱਕਲੀ ਤੂੰ ਪਾਦੇ ਧੁੰਮਾਂ ਪਿੰਡ ਚ ਮਚਾਦੇ,
ਆਪਾਂ ਅੱਗ ਦੇ ਭਬੂਕਿਆਂ ਦੇ ਵਾਂਗੂੰ ਮੱਚੀਏ।
ਆਵੇ ਗਿੱਧੇ ਵਿਚ ਨਵੀਂ ਹੀ ਬਹਾਰ ਆਪਾਂ ਜਦੋਂ ਦੋਵੇਂ ਨੱਚੀਏ।

ਗਿੱਧੇ ਵਿਚ ਦੇ ਦੇ ਗੇੜੀਆਂ ਗੇੜੇ ਖਾਂਦੀ ਜਿਵੇਂ ਦੁੱਧ ਚ ਮਧਾਣੀ।
ਚੋ ਚੋ ਪੈਂਦਾ ਰੰਗ ਹਾਨਣੇ, ਜਿਵੇਂ ਹਾੜ ਦੇ ਮਹੀਨੇ ਧੁੱਪ ਰਾਣੀ।
ਦੱਸ ਚੀਮੇ ਦੀਆਂ ਨਜ਼ਰਾਂ ਤੋਂ ਤੈਨੂੰ ਕਿਥੇ ਨੀ ਛੁਪਾਕੇ ਰੱਖੀਏ।
ਆਵੇ ਗਿੱਧੇ ਵਿਚ ਨਵੀਂ ਹੀ ਬਹਾਰ ਆਪਾਂ ਜਦੋਂ ਦੋਵੇਂ ਨੱਚੀਏ।
ਆਵੇ ਗਿੱਧੇ ਵਿਚ ਨਵੀਂ ਹੀ ਬਹਾਰ ਆਪਾਂ ਜਦੋਂ ਦੋਵੇਂ ਨੱਚੀਏ।

*

ਨੀ ਤੂੰ ਰੱਖ ਲੈ ਰੂਪ ਲੁਕਾਕੇ, ਇਹ ਨਾ ਲੁੱਟਿਆ ਜਾਵੇ ਨੀ।
ਤੇਰਾ ਗੁੱਟਕੂ ਗੁੱਟਕੂ ਕਰਦੀ ਦਾ, ਲੱਕ ਝੂਟੇ ਖਾਵੇ ਨੀ।

ਚਮਕਣ ਦੰਦ ਮੋਤੀਆਂ ਵਰਗੇ,
ਐਸੀ ਜੜਤ ਚੜਾਈ ਨੀ।
ਤੇਰਾ ਨੱਕ ਤਲਵਾਰੋਂ ਤਿੱਖਾ,
ਦੇਖੇ ਖੜੀ ਲੁਕਾਈ ਨੀ।
ਮੱਲੋ ਮੱਲੀ ਦੇਖਕੇ ਤੈਨੂੰ,
ਹੌਂਕਾ ਭਰਿਆ ਜਾਵੇ ਨੀ।
ਤੇਰਾ ਗੁੱਟਕੂ ਗੁੱਟਕੂ ਕਰਦੀ ਦਾ, ਲੱਕ ਝੂਟੇ ਖਾਵੇ ਨੀ।

ਤਾਈਉ ਮਿਰਗ ਨੈਣੀ ਤੈਨੂੰ ਕਹਿੰਦੇ,
ਨੈਣ ਤੇਰੇ ਮਿਰਗਾਂ ਵਰਗੇ ਨੀ।
ਸਾਰੇ ਪਿੰਡ ਚੀਮਿਆਂ ਦੇ ਮੁੰਡੇ,
ਤੇਰਾ ਪਾਣੀ ਭਰਦੇ ਨੀ।
ਜਹਿਰੀ ਨਾਗ ਇਸ਼ਕ ਦਾ ਅੜੀਏ,
ਇਹ ਨਾ ਕੀਲਿਆ ਜਾਵੇ ਨੀ।
ਤੇਰਾ ਗੁੱਟਕੂ ਗੁੱਟਕੂ ਕਰਦੀ ਦਾ, ਲੱਕ ਝੂਟੇ ਖਾਵੇ ਨੀ।

ਦੇਖੀ ਤੋੜ ਕਿਤੇ ਨਾ ਦੇਵੀ।
ਇਹ ਦਿਲ ਟੁੱਟਿਆ ਜੁੜਨਾਂ ਨਹੀਂ।
ਪਾਣੀ ਪਾਰ ਪੱਤਣ ਤੋਂ ਲੰਘਿਆ,
ਇਹਨੇ ਵਾਪਸ ਮੁੜਨਾਂ ਨਹੀਂ।
ਤੈਨੂੰ ਹੋਰ ਕਿਵੇਂ ਸਮਝਾਵਾਂ,
ਮੈਨੂੰ ਸਮਝ ਨਾ ਆਵੇ ਨੀ।
ਤੇਰਾ ਗੁੱਟਕੂ ਗੁੱਟਕੂ ਕਰਦੀ ਦਾ, ਲੱਕ ਝੂਟੇ ਖਾਵੇ ਨੀ।

ਜੇ ਤੂੰ ਨਹੀਂ ਸੀ ਤੋੜ ਨਿਭਾਉਣੀ।
ਕਾਹਨੂੰ ਲੁੱਕ ਲੁੱਕ ਲਾਈਆਂ ਨੀ।
ਚਰਚਾ ਹੁੰਦੀ ਤੇਰੀ ਤੇ ਮੇਰੀ।
ਖਬਰਾਂ ਟੀ ਵੀ ਤੇ ਆਈਆਂ ਨੀ।
ਰੋਂਦਾ ਫਿਰੇ ਚੀਮਿਆਂ ਵਾਲਾ,
ਕੇਹਨੂੰ ਦਰਦ ਸੁਣਾਵੇ ਨੀ।
ਤੇਰਾ ਗੁੱਟਕੂ ਗੁੱਟਕੂ ਕਰਦੀ ਦਾ, ਲੱਕ ਝੂਟੇ ਖਾਵੇ ਨੀ।

*

ਕੋਕਾ ਨੱਕ ਦਾ ਹਾਣਨੇ ਤੇਰਾ ਭੁਲੇਖਾ ਜਿਹਾ ਪਾਈ ਰੱਖਦਾ।
ਮੇਰੇ ਨਿੱਤ ਸੁਫਨੇ ਵਿਚ ਆ ਕੇ, ਇਹ ਰਾਤਾ ਨੂੰ ਜਗਾਈ ਰੱਖਦਾ।

ਦਿੱਤਾ ਤੂੰ ਗਿੱਧੇ ਵਿਚ ਗੇੜਾ,
ਨੀ ਪਾਣੀਆਂ ਨੂੰ ਅੱਗ ਲੱਗ ਗਈ।
ਕੁੜੀ ਨਾਨਕਾ ਮੇਲ ਵਿਚ ਆਈ,
ਕਹਿੰਦੇ ਸਾਰਿਆਂ ਤੋਂ ਵੱਧ ਗਈ।
ਤੇਰੇ ਦੇਖਕੇ ਕੰਨਾਂ ਦੇ ਵਾਲੇ,
ਉਹ ਈਰਖਾ ਦੇ ਤੋੜੇ ਕਸਦਾ।
ਕੋਕਾ ਨੱਕ ਦਾ ਹਾਣਨੇ ਤੇਰਾ, ਭੁਲੇਖਾ ਜਿਹਾ ਪਾਈ ਰੱਖਦਾ।

ਕਿਹੜੀ ਗੱਲ ਦਾ ਗਰੂਰ ਦੱਸ ਤੈਨੂੰ,
ਤੂੰ ਮਾਰ ਕੇ ਮਰੋੜਾਂ ਲੰਗਦੀ।
ਅੱਗੇ ਕੰਨ ਚ ਪਾਈ ਨਾ ਰੜਕੀ,
ਤੇ ਅੱਜ ਕੋਲੇ ਹੋ ਹੋ ਖੰਗਦੀ।
ਨਾਗਾ ਕਾਲਿਆਂ ਦੇ ਵਾਂਗੂੰ ਨੀ ਪਰਾਂਦਾ,
ਹੈ ਧੋਣ ਦੇ ਦੁਆਲੇ ਨੱਚਦਾ।
ਕੋਕਾ ਨੱਕ ਦਾ ਹਾਨਣੇ ਤੇਰਾ, ਭੁਲੇਖਾ ਜਿਹਾ ਪਾਈ ਰੱਖਦਾ।

ਹੱਸਣਾ ਹਸਾਉਣਾ ਹੁੰਦੀ ਜ਼ਿੰਦਗੀ,
ਆ ਮੇਰੇ ਨਾਲ ਹੱਸ ਬੱਲੀਏ।
ਲੰਘੇ ਮਾਰਕੇ ਨਹੋਰਾ ਜਿਹਾ ਕੋਲ ਦੀ,
ਮੈਂ ਸਕਦਾ ਨਾਂ ਝੱਲ ਬੱਲੀਏ।
ਲਾਇਆ ਚੀਮਿਆਂ ਵਾਲੇ ਨੂੰ ਜੇਹੜਾ ਲਾਰਾ,
ਨੀ ਉਹਨੂੰ ਤੜਫਾਈ ਰੱਖਦਾ।
ਕੋਕਾ ਨੱਕ ਦਾ ਹਾਣਨੇ ਤੇਰਾ, ਭੁਲੇਖਾ ਜਿਹਾ ਪਾਈ ਰੱਖਦਾ।

*

ਕਿਵੇਂ ਝੱਲਾਂ ਮੈਂ ਜੁਦਾਈਆਂ ਜੋ ਹਾਣੀਆਂ ਤੂੰ ਪਾਈਆਂ।
ਰੋਗ ਲਾ ਗਿਆ ਅਵੱਲਾ, ਘਟਾ ਗਮਾਂ ਦੀ ਛਾਈਆਂ।

ਸਾਡਾ ਸੱਜਣਾਂ ਪਿਆਰ, ਤੈਨੂੰ ਰਾਸ ਨਾ ਆਇਆ।
ਜਿੰਦ ਬ੍ਰਿਹੋ ਚ ਡੁੱਬੀ, ਹੋਰ ਕੁਝ ਨਾ ਬਿਆਇਆ।
ਯਾਦਾਂ ਤੇਰੀਆਂ ਉਹ ਸਾਥੀ, ਸਾਥੋ ਜਾਣ ਨਾ ਭੁਲਾਈਆਂ।
ਰੋਗ ਲਾ ਗਿਆ ਅਵੱਲਾ, ਘਟਾ ਗਮਾਂ ਦੀ ਛਾਈਆਂ।

ਇਹਨੂੰ ਬੜਾ ਸਮਝਾਵਾਂ, ਦਿਲ ਕਮਲਾ ਨਾ ਜਾਣੇ।
ਕਾਹਤੋਂ ਰੁਸ ਗਏ ਨੇ ਸਾਥੋ, ਫਿਰੇ ਪੁੱਛਦਾ ਟਿਕਾਣੇ।
ਇਹਨੂੰ ਭੁੱਲ ਗਈਆਂ ਸੱਭੇ, ਸੀ ਜੋ ਕਸਮਾਂ ਤੂੰ ਪਾਈਆਂ।
ਰੋਗ ਲਾ ਗਿਆ ਅਵੱਲਾ, ਘਟਾ ਗਮਾਂ ਦੀ ਛਾਈਆਂ।

ਕਾਹਨੂੰ ਬੰਦ ਕਰੀ ਬੈਠਾ, ਬੂਹੇ ਦਿਲਾਂ ਵਾਲੇ ਖੋਹਲ।
ਗੱਲ ਛੋਟੀ ਜਿਹੀ ਪਿੱਛੇ, ਸਾਡੀ ਜ਼ਿੰਦਗੀ ਨਾ ਰੋਲ।
ਹੋ ਗਈ ਦੱਸ ਕੀ ਖੁਨਾਮੀ, ਕਿਉਂ ਤੂੰ ਅੱਖੀਆਂ ਭੁਆਈਆਂ।
ਰੋਗ ਲਾ ਗਿਆ ਅਵੱਲਾ, ਘਟਾ ਗਮਾਂ ਦੀ ਛਾਈਆਂ।

ਪੱਲ ਬੀਤੇ ਬਿਨ ਤੇਰੇ, ਵਾਂਗੂੰ ਸਦੀਆਂ ਦੇ ਲੰਘੇ।
ਯਾਦ ਚੀਮਿਆ ਵੇ ਤੇਰੀ ਨਿੱਤ ਸੁਲੀ ਉਤੇ ਟੰਗੇ।
ਨੈਣ ਵਿਰਦੇ ਨਾ ਵਿਰਾਏ, ਰੋ ਰੋ ਝੜੀਆਂ ਨੇ ਲਾਈਆਂ।
ਰੋਗ ਲਾ ਗਿਆ ਅਵੱਲਾ, ਘਟਾ ਗਮਾਂ ਦੀ ਛਾਈਆਂ।

*

ਸੁੱਕ ਕੇ ਤਵੀਤ ਬਣ ਗਈ
ਸੁੱਕ ਕੇ ਤਵੀਤ ਬਣ ਗਈ, ਤੇਰੇ ਗਮਾਂ ਦਾ ਹਿਸਾਬ ਨਾ ਮੈਂ ਪਾਇਆ।
ਦੁੱਖਾਂ ਵਿਚ ਪਾ ਕੇ ਜ਼ਿੰਦੜੀ, ਤੈਨੂੰ ਕਦੇ ਨਾ ਖਿਆਲ ਸਾਡਾ ਆਇਆ।

ਕੱਲ ਜਦੋਂ ਪੀਂਘਾਂ ਪਾਉਣ ਲਈ,
ਹੋ ਕੱਠੀਆਂ ਬਾਗ ਵਿੱਚ ਆਈਆਂ।
ਪੁੱਛਦੀਆਂ ਸਭ ਸੱਖੀਆਂ,
ਨਾਲੇ ਛੇੜ ਦੀਆਂ ਭਰਜਾਈਆਂ।
ਨੀ ਦੱਸ ਦੇ ਨਣਾਨੇ ਬੋਲਕੇ।
ਕਿਹੜੀ ਗੱਲ ਤੋਂ ਤੂੰ ਉਧਮ ਮਚਾਇਆ।
ਸੁੱਕ ਕੇ ਤਵੀਤ ਬਣ ਗਈ, ਤੇਰੇ ਗਮਾਂ ਦਾ ਹਿਸਾਬ ਨਾ ਮੈਂ ਪਾਇਆ।

ਘੜੀ ਮੁੜੀ ਪੱਜ ਮਾਰਕੇ,
ਬਾਹਰਲੇ ਬੂਹੇ ਵੱਲ ਜਾਵਾਂ।
ਰਵਾਂ ਚੱੜਕੇ ਚੁਬਾਰੇ ਤੱਕਦੀ,
ਆਪਣੇ ਸੱਜਣ ਦੀਆਂ ਰਾਵਾਂ।
ਸਾਂਭ ਸਾਂਭ ਮਸਾਂ ਰੱਖਿਆ,
ਮੇਰਾ ਭਰ ਜੋਬਨ ਨਸ਼ਿਆਇਆ।
ਸੁੱਕ ਕੇ ਤਵੀਤ ਬਣ ਗਈ, ਤੇਰੇ ਗਮਾਂ ਦਾ ਹਿਸਾਬ ਨਾ ਮੈਂ ਪਾਇਆ।

ਕੇਹਨੂੰ ਮੈਂ ਸੁਣਾਵਾਂ ਦੁੱਖੜੇ,
ਹੈਨਾਂ ਤੇਰੇ ਤੋਂ ਵਗੈਰ ਮੇਰਾ ਕੋਈ।
ਤੇਰੇ ਵੇ ਵਿਛੋੜੇ 'ਚ ਚੰਨਾ,
ਰਾਤ ਸਾਰੀ ਸਾਰੀ ਬੈਠ ਕੇ ਮੈਂ ਰੋਈ।
ਘਰ ਮੇਰੇ ਪੇਕਿਆਂ ਦਾ,
ਹਾਣੀਆਂ ਵੇ ਹੋ ਗਿਆ ਪਰਾਇਆ।
ਸੁੱਕ ਕੇ ਤਵੀਤ ਬਣ ਗਈ, ਤੇਰੇ ਗਮਾਂ ਦਾ ਹਿਸਾਬ ਨਾ ਮੈਂ ਪਾਇਆ।

ਵੇਹੜਾ ਮੇਰੇ ਬਾਬਲ ਦਾ,
ਜਿਥੇ ਖੇਡੇ ਸੀ ਮੈਂ ਗੁੱਡੀਆਂ ਪਟੋਲੇ।
ਚੁੱਕੇ ਹੋਏ ਭਾਬੀਆਂ ਦੇ,
ਮੇਰੇ ਵੀਰ ਕਦੇ ਨਾ ਹੱਸ ਬੋਲੇ।
ਬਿੱਟ ਬਿੱਟ ਰਹੇ ਤੱਕਦੇ,
ਬਿਨਾਂ ਚੀਮੇ ਤੋਂ ਕਿਸੇ ਨਾ ਗੱਲ ਲਾਇਆ।
ਸੁੱਕ ਕੇ ਤਵੀਤ ਬਣ ਗਈ, ਤੇਰੇ ਗਮਾਂ ਦਾ ਹਿਸਾਬ ਨਾ ਮੈਂ ਪਾਇਆ।
ਦੁੱਖਾਂ ਵਿਚ ਪਾ ਕੇ ਜ਼ਿੰਦੜੀ, ਤੈਨੂੰ ਕਦੇ ਨਾ ਖਿਆਲ ਸਾਡਾ ਆਇਆ।

*

ਗਿੱਧੇ ਵਿੱਚ ਫਿਰੇ ਨੱਚਦੀ ਉਹ ਗਿੱਧੇ ਵਿੱਚ ਫਿਰੇ ਨੱਚਦੀ,
ਕੱਲ ਲੰਡਨੋਂ ਵਲੈਤਣ ਜੋ ਆਈ, ਗਿੱਧੇ ਵਿੱਚ ਫਿਰੇ ਨੱਚਦੀ।

ਫੈਸ਼ਨਾਂ ਦੀ ਉਹਦੀ ਯਾਰੋ ਦੱਸਾਂ ਕੀ ਮੈਂ ਗੱਲ ਉਏ।
ਕੀਤਾ ਜਿਹੜਾ ਉਹਨੇ, ਹੋਵੇ ਕਿਸੇ ਤੋਂ ਨਾ ਝੱਲ ਉਏ।
ਸੱਤ ਰੰਗੀ ਪੀਂਘ ਵਰਗਾ, ਰੰਗ ਬੁੱਲੀਆਂ ਤੇ ਫਿਰਦੀ ਚੜਾਈ।
ਗਿੱਧੇ ਵਿੱਚ ਫਿਰੇ ਨੱਚਦੀ, ਕੱਲ ਲੰਡਨੋਂ ਵਲੈਤਣ ਜੋ ਆਈ।

ਮੁੰਡਿਆਂ ਦਾ ਭੇਸ ਦੇਖੋ ਉਸ ਜੱਟੀ ਨੇ ਬਣਾਇਆ ਏ।
ਦਾੜੀ ਮੁੱਛਾਂ ਲਾ ਕੇ ਨਾਲੇ ਚਾਦਰਾ ਸਜਾਇਆ ਏ।
ਪੱਗ ਬੰਨ੍ਹ ਡਾਂਗ ਰੱਖੀ ਮੋਡਿਆਂ ਦੇ ਉਤੇ ਭੁੱਲ ਗਈ ਖੁਦਾ ਦੀ ਖੁਦਾਈ।
ਗਿੱਧੇ ਵਿੱਚ ਫਿਰੇ ਨੱਚਦੀ, ਕੱਲ ਲੰਡਨੋਂ ਵਲੈਤਣ ਜੋ ਆਈ।

ਬਾਹਵਾਂ ਨੂੰ ਉਲਾਰ ਲੱਗੀ ਬੋਲੀਆਂ ਉਹ ਪਾਉਣ।
ਜਾਵੇ ਚੜ੍ਹਦਾ ਸਰੂਰ ਵੱਗੇ ਪੁਰੇ ਦੀ ਜਿਉ ਪਾਉਣ।
ਕਾਲੀਆਂ ਘਟਾਵਾਂ ਮੋਹਰੇ ਘੁੰਮਦੇ ਬਗਲਿਆਂ ਦੀ ਜਾਂਦੀ ਦੇਖੋ ਹੋਸ਼ ਉਡਾਈ।
ਗਿੱਧੇ ਵਿੱਚ ਫਿਰੇ ਨੱਚਦੀ, ਕੱਲ ਲੰਡਨੋਂ ਵਲੈਤਣ ਜੋ ਆਈ।

ਉਹਦੇ ਰੂਪ ਦੇ ਨਜ਼ਾਰੇ, ਆਈਆਂ ਦੇਖਣ ਰਕਾਨਾਂ।
ਕਹਿੰਦੀ ਲੁੱਟਣੇ ਬਜਾਰ, ਸਣੇ ਬਾਣੀਏ ਦੁਕਾਨਾਂ।
ਹਰ ਇਕ ਨਾਲ ਫਿਰੇ ਕਰਦੀ ਖਰੂਦ, ਦੇ ਗਈ ਚੀਮੇ ਨੂੰ ਵੀ ਚੋਰ ਭਲਾਈ।

ਉਹ ਗਿੱਧੇ ਵਿੱਚ ਫਿਰੇ ਨੱਚਦੀ ਕੱਲ ਲੰਡਨੋਂ ਵਲੈਤਣ ਜੋ ਆਈ।
ਗਿੱਧੇ ਵਿੱਚ ਫਿਰੇ ਨੱਚਦੀ, ਕੱਲ ਲੰਡਨੋਂ ਵਲੈਤਣ ਜੋ ਆਈ।

*

ਆ ਜਾ ਰਲਕੇ ਆਪਾਂ ਦੋਵੇਂ, ਗੱਲਾਂ ਪਿਆਰ ਦੀਆਂ ਕਰੀਏ।
ਹੁਣ ਕਰ ਕਰ ਰੋਸੇ ਛਿਕਵੇ, ਐਵੇਂ ਜੀਉਦੇ ਨਾ ਮਰੀਏ।

ਦੀਵੇ ਤੇਰੀਆਂ ਯਾਦਾਂ ਦੇ, ਹਰ ਰੋਜ਼ ਜਗਾਉਂਦੀ ਆ।
ਥਾਂ ਤੇਲ ਦੀ ਬਾਲਣ ਲਈ, ਰੱਤ ਆਪਣੇ ਪਾਉਂਦੀ ਆ।
ਕਿਤੇ ਬੁੱਝ ਨਾ ਜਾਵਣ ਏ, ਇਸ ਭਾਵੀ ਤੋਂ ਡਰੀਏ।
ਹੁਣ ਕਰ ਕਰ ਰੋਸੇ ਛਿਕਵੇ, ਐਵੇਂ ਜੀਉਦੇ ਨਾ ਮਰੀਏ।

ਦੱਸ ਕਾਹਦਾ ਜੀਣਾਂ ਏ, ਕਦੇ ਹੱਸ ਬੁਲਾਇਆ ਨਾ।
ਵਿਚ ਲੈ ਕੇ ਬਾਹਾਂ ਦੇ, ਸਾਨੂੰ ਘੁੱਟ ਗੱਲ ਲਾਇਆ ਨਾ।
ਪੰਡ ਵਹਿਮਾਂ ਭਰਮਾਂ ਦੀ, ਜਾ ਦੂਰ ਕਿਤੇ ਧਰੀਏ।
ਹੁਣ ਕਰ ਕਰ ਰੋਸੇ ਛਿਕਵੇ, ਐਵੇਂ ਜੀਉਦੇ ਨਾ ਮਰੀਏ।

ਹੱਥ ਹਵਾ ਸੁਨੇਹੇ ਮੈਂ, ਤੈਨੂੰ ਘੱਲੇ ਕਈ ਸੱਜਣਾਂ।
ਇਕ ਵਾਰ ਜੋ ਵਿਛੜ ਗਿਆ, ਮੁੜਕੇ ਹਾਣੀ ਨਹੀਂ ਲੱਭਣਾ।
ਇਹ ਦਰਦ ਜੁਦਾਈਆਂ ਦਾ, ਅਸੀਂ ਰਾਤ ਦਿਨ ਜਰੀਏ।
ਹੁਣ ਕਰ ਕਰ ਰੋਸੇ ਛਿਕਵੇ, ਐਵੇਂ ਜੀਉਦੇ ਨਾ ਮਰੀਏ।

ਉਠ ਉਠ ਕੇ ਰਾਤਾਂ ਨੂੰ, ਮੈਂ ਤਾਰੇ ਪਈ ਗਿਣਦੀ ਆਂ।
ਕੱਦ ਜੈਬਿਆ ਬ੍ਰਿਹੋ ਦਾ, ਹਰ ਰੋਜ਼ ਮੈਂ ਮਿਣਦੀ ਆਂ।
ਬਿਨ ਪਾਣੀ ਜਿਉ ਮਛਲੀ, ਅਸੀਂ ਤੇਰੇ ਬਿਨ ਮਰੀਏ।
ਹੁਣ ਕਰ ਕਰ ਰੋਸੇ ਛਿਕਵੇ, ਐਵੇਂ ਜੀਉਦੇ ਨਾ ਮਰੀਏ।

*

ਮੈਂ ਰੋਵਾਂ ਬੈਠੀ ਕਰਮਾਂ ਨੂੰ ਵੈਰ ਲੈ ਗਿਆ ਵਿਚੋਲਾ ਬਣ ਨਾਈ।
ਮੈਂ ਰੋਵਾਂ ਬੈਠੀ ਕਰਮਾਂ ਨੂੰ।

ਹੋਰ ਸਾਡੇ ਪੱਲੇ ਕੱਖ ਨਾ, ਅਸੀਂ ਜੱਟੀਏ ਨੀ ਬੋਲ ਪੁਗਾਉਣੇ।
ਹੋਰ ਸਾਡੇ ਪੱਲੇ ਕੱਖ ਨਾ।

ਡੱਕਾ ਕੰਮ ਦਾ ਤੋੜੇ ਬੈਠਾ ਵੇਹਲੀਆਂ ਤੂੰ ਖਾਵੇ।
ਰਲ ਚੋਬਰਾ ਦੇ ਨਾਲ ਵੈਰ ਪਿੰਡ 'ਚ ਵਧਾਵੇ।
ਵੇ ਨਸ਼ਿਆਂ 'ਚ ਡੁੱਬ ਵੈਰੀਆਂ ਘਰ ਦੀ ਤੂੰ ਕਰਤੀ ਤਬਾਈ।
ਮੈਂ ਰੋਵਾਂ ਬੈਠੀ ਕਰਮਾਂ ਨੂੰ ਵੈਰ ਲੈ ਗਿਆ ਵਿਚੋਲਾ ਬਣ ਨਾਈ।

ਗੱਡੀ ਲੈ ਕੇ ਡਰਾਈਵਰ ਨੀ ਤੇਰਾ, ਬੰਬਿਓ ਪਿੱਛੇ ਨੂੰ ਮੁੜਦਾ।
ਬੰਨ ਡੋਰੀਆਂ ਗੱਡੀ ਤੇ ਲਿਖਕੇ, ਹੱਟ ਪਿੱਛੇ ਆਵੇ ਉਡਦਾ।
ਜੋਰ ਹੋਰ ਵੀ ਵਥੇਰਿਆਂ ਨੇ ਲਾਇਆ, ਸੱਕਿਆ ਕੋਈ ਮੈਨੂੰ ਕੱਟ ਨਾ।
ਅਸੀਂ ਜੱਟੀਏ ਨੀ ਬੋਲ ਪੁਗਾਉਣੇ, ਹੋਰ ਸਾਡੇ ਪੱਲੇ ਕੱਖ ਨਾ।

ਦਾਰੂ ਪੀਣੇ ਚੋਬਰਾਂ ਦੇ ਨਾਲ ਤੇਰੀ ਯਾਰੀ ਵੇ।
ਫੀਮ ਦੇ ਨਸ਼ੇ 'ਚ ਗੱਡੀ ਟਾਲੀ ਵਿਚ ਮਾਰੀ ਵੇ।
ਗੱਲਾਂ ਵੇ ਤੂੰ ਕਰੇ ਪੁੱਠੀਆਂ ਰੱਖੇ ਅੱਧੀ ਅੱਧੀ ਰਾਤਾਂ ਨੂੰ ਜਗਾਈ।
ਮੈਂ ਰੋਵਾਂ ਬੈਠੀ ਕਰਮਾਂ ਨੂੰ ਵੈਰ ਲੈ ਗਿਆ ਵਿਚੋਲਾ ਬਣ ਨਾਈ।

ਤੈਨੂੰ ਐਵੇਂ ਹੀ ਕਿਸੇ ਨੇ ਝੂਠ ਦੱਸਿਆ, ਤੂੰ ਕਰੀ ਬੈਠੀ ਸ਼ੱਕ ਹਾਨਣੇ।
ਬੜਾ ਭੈੜਾ ਹੈ ਬਣਾਉਂਦਾ ਜੈਬ ਚੀਮਾ, ਝੂਠ ਦਾ ਵੀ ਸੱਚ ਹਾਨਣੇ।
ਉਹਦਾ ਕੰਮ ਹੀ ਹੈ ਲਾਉਣਾ ਤੇ ਬੁਝਾਉਣਾ।
ਹੋਰ ਸਾਡੇ ਪੱਲੇ ਕੱਖ ਨਾ, ਅਸੀਂ ਜੱਟੀਏ ਨੀ ਬੋਲ ਪੁਗਾਣੇ।

*

ਲੱਕ ਪਤਲਾ ਹੁਲਾਰੇ ਤੇਰਾ ਖਾਵੇ, ਸਾਂਭ ਸਾਂਭ ਰੱਖਦੀ ਦਾ।
ਤੇਰੀ ਗੁੱਤ ਦਾ ਪਰਾਂਦਾ ਡੰਗੀ ਜਾਵੇ, ਨੀ ਗਿੱਧੇ ਵਿੱਚ ਨੱਚਦੀ ਦਾ।

ਮਸਾਂ ਮਸਾਂ ਆਇਆ ਤੇਰੇ, ਦਿਉਰ ਦਾ ਵਿਆਹ ਨੀ।
ਕਿਹੜੀ ਸੋਚ ਵਿਚ ਡੁੱਬੀ, ਉਠ ਪੁਰੇ ਕਰ ਚਾ ਨੀ।
ਪਤਾ ਲੱਗਾ ਨਈਉਂ ਦਿਲ ਕੌਣ ਲੈ ਗਿਆ, ਉਹ ਸਾਂਭ ਸਾਂਭ ਰੱਖਦੀ ਦਾ।
ਤੇਰੀ ਗੁੱਤ ਦਾ ਪਰਾਂਦਾ ਡੰਗੀ ਜਾਵੇ, ਨੀ ਗਿੱਧੇ ਵਿੱਚ ਨੱਚਦੀ ਦਾ।

ਫਿੱਕਾ ਫਿੱਕਾ ਰੰਗ ਲਾ ਕੇ, ਮੁੱਖੜਾ ਸਜਾਇਆ ਨੀ।
ਧਾਰੀ ਬੰਨ ਸੁਰਮਾ ਤੈ, ਅੱਖੀਆਂ ਚ ਪਾਇਆ ਨੀ।
ਤੇਰੇ ਪਹਿਲੇ ਨੀ ਇਸ਼ਾਰੇ ਪੱਟ ਸਿਟਿਆ, ਨੀ ਪਾਲੀ ਵੀਰਾ ਪੁੱਤ ਜੱਟ ਦਾ।
ਤੇਰੀ ਗੁੱਤ ਦਾ ਪਰਾਂਦਾ ਡੰਗੀ ਜਾਵੇ, ਨੀ ਗਿੱਧੇ ਵਿੱਚ ਨੱਚਦੀ ਦਾ।

ਬਾਹਾਂ ਵਿਚ ਚੂੜਾਂ ਲੈ ਕੇ, ਚੁੰਨੀ ਤਿਲੇਦਾਰ ਨੀ।
ਕਾਲੇ ਜੁਲਫਾ ਦੇ ਨਾਗ, ਰੱਖੀ ਇਹਨਾਂ ਨੂੰ ਸੰਭਾਲ ਨੀ।
ਹੁੰਦਾ ਬੜਾ ਹੈ ਨਤੀਜਾ ਭਾਬੀ ਮਾੜਾ, ਹਾਸੇ ਵਿਚ ਕੀਤੇ ਸ਼ੱਕ ਦਾ।
ਤੇਰੀ ਗੁੱਤ ਦਾ ਪਰਾਂਦਾ ਡੰਗੀ ਜਾਵੇ, ਨੀ ਗਿੱਧੇ ਵਿਚ ਨੱਚਦੀ ਦਾ।

ਉਠ ਖੜ ਦੇ ਦੇ ਗੇੜਾ ਅੱਜ ਵੀਰੇ ਨਾਲ ਨੀ।
ਭੁਲ ਨਾ ਤੂੰ ਜਾਵੀ ਵਾਇਦੇ ਕੀਤੇ ਜੈਬੇ ਨਾਲ ਨੀ।
ਤੇਰਾ ਐਵੇ ਨਾ ਹੁਸਨ ਰੁਲ ਜਾਵੇ, ਨੀ ਤ੍ਰਿਜਣਾਂ 'ਚ ਕਤਦੀ ਦਾ।
ਤੇਰੀ ਗੁੱਤ ਦਾ ਪਰਾਂਦਾ ਡੰਗੀ ਜਾਵੇ, ਨੀ ਗਿੱਧੇ ਵਿਚ ਨੱਚਦੀ ਦਾ।

*

ਆਉਂਦੇ ਦਿਲ ਵਿਚ ਬੜੇ ਖਿਆਲ, ਕਿਹੜਾ ਕਿਸ ਰੰਗ ਰੰਗਾ ਨੀ।
ਲੁੱਟਕੇ ਲੈ ਗਈ ਦਿਲ ਦਾ ਚੈਨ, ਤੂੰ ਛਣਕਾ ਕੇ ਵੰਗਾਂ ਨੀ।

ਤੁਰਦੀ ਮੋਰਾਂ ਵਰਗੀ ਤੋਰ,
ਦੇਖਕੇ ਰਾਹੀ ਭੁੱਲ ਗਏ।
ਭੌਂਰੇ ਘੁੰਮਦੇ ਦੇਖ ਦੁਆਲੇ,
ਮੂੰਹ ਕਲੀਆਂ ਦੇ ਖੁੱਲ ਗਏ,
ਦੱਸ ਕੌਣ ਕਿਸੇ ਨੂੰ ਦੱਸੇ,
ਕੀ ਚੰਗਾ ਕੀ ਮੰਦਾ ਨੀ।
ਲੁੱਟਕੇ ਲੈ ਗਈ ਦਿਲ ਦਾ ਚੈਨ, ਤੂੰ ਛਣਕਾ ਕੇ ਵੰਗਾਂ ਨੀ।

ਕੋਇਲਾਂ ਬਾਗਾਂ ਦੇ ਵਿੱਚ ਕੂੱਕਣ,
ਤੂੰ ਗਿੱਧਿਆਂ ਵਿੱਚ ਕੂਕੇ ਨੀ।
ਬੋਲੀ ਜਦੋਂ ਹਾਨਣੇ ਪਾਵੇ,
ਰੂਹ ਮੁਰਦਿਆਂ ਵਿੱਚ ਫੂਕੇ ਨੀ।
ਤੈਨੂੰ ਦੇਖ-ਦੇਖਕੇ ਉਠਣ,
ਦਿਲ ਵਿਚ ਲੱਖ ਤਰੰਗਾਂ ਨੀ।
ਲੁਟਕੇ ਲੈ ਗਈ ਦਿਲ ਦਾ ਚੈਨ, ਤੂੰ ਛਣਕਾ ਕੇ ਵੰਗਾਂ ਨੀ।

ਲੱਗੇ ਤੂੰ ਹੁਸਨਾਂ ਦੀ ਮਲਿਕਾ,
ਕਿਵੇਂ ਭੁੱਲ ਜਾਵੇਂ ਮੈਨੂੰ।
ਵੇਹਲੇ ਬੈਠ ਕੇ ਰੱਬ ਬਣਾਇਆ।
ਹੀਰੇ ਲੱਗਦਾ ਨੀ ਤੈਨੂੰ।
ਉਡਦਾ ਹਵਾ 'ਚ ਫਿਰੇ ਦੁਪੱਟਾ,
ਤੇਰਾ ਵਾਂਗ ਪਤੰਗਾਂ ਨੀ।
ਲੁੱਟਕੇ ਲੈ ਗਈ ਦਿਲ ਦਾ ਚੈਨ, ਤੂੰ ਛਣਕਾ ਕੇ ਵੰਗਾਂ ਨੀ।

ਬੜੀਆਂ ਸੋਚ ਸੋਚਕੇ ਸੋਚਾਂ,
ਜੈਬੇ ਗੀਤ ਬਣਾਇਆ ਨੀ।
ਹੋ ਗਏ ਯਾਰ ਜੁੰਡੀ ਦੇ ਕੱਠੇ,
ਰਲ ਕੇ ਜਸ਼ਨ ਮਨਾਇਆ ਨੀ।
ਹੁੰਦੇ ਰਹਿਣ ਨੀ ਦਰਸ਼ਨ ਤੇਰੇ,
ਨਾ ਕੁਝ ਹੋਰ ਮੈਂ ਮੰਗਾਂ ਨੀ।
ਲੁੱਟਕੇ ਲੈ ਗਈ ਦਿਲ ਦਾ ਚੈਨ, ਤੂੰ ਛਣਕਾਂ ਕੇ ਵੰਗਾਂ ਨੀ।

*

ਯਾਦ ਸੱਭ ਕੁਝ ਮੈਨੂੰ ਪਰ ਭੁੱਲ ਗਿਆ ਤੈਨੂੰ, ਰੱਬ ਨੇ ਸਬੰਧ ਇਹ ਬਣਾਇਆ।
ਜਦੋਂ ਦੀ ਤੇਰੇ ਲੜ ਲੱਗ ਗਈ, ਮੈਨੂੰ ਹੱਸਕੇ ਨਾ ਕਦੇ ਤੂੰ ਬੁਲਾਇਆ।

ਕਦੇ ਕਦੇ ਉਠਦੇ ਨੇ ਦਿਲ ਚੋਂ ਖਿਆਲ ਮੇਰੇ,
ਬੁੱਲੇ ਜਾਂ ਹਵਾ ਦੇ ਹੋਣ ਵੱਗਦੇ।
ਬੜਾ ਸਮਝਾਵਾਂ ਸਮਝੇ ਨਾ ਝੱਲਾ,
ਇਹਨੂੰ ਆਪਣੇ ਪਰਾਏ ਹੋ ਗਏ ਲੱਗਦੇ।
ਕਿਹੜੀ ਸੱਜਣਾਂ ਹੋ ਗਈ ਖੁਨਾਮੀ,
ਸਮਝੇ ਤੂੰ ਮੈਨੂੰ ਜੋ ਪਰਾਇਆ।
ਜਦੋਂ ਦੀ ਤੇਰੇ ਲੜ ਲੱਗ ਗਈ, ਮੈਨੂੰ ਹੱਸਕੇ ਨਾ ਕਦੇ ਤੂੰ ਬੁਲਾਇਆ।

ਸੱਧਰਾਂ ਦਾ ਬੂਟਾ ਮੇਰਾ ਖਿੜਿਆ ਸੀ ਉਸ ਵੇਲੇ,
ਪੱਲਾ ਤੇਰਾ ਜਾ ਫੜਾਇਆ ਮੈਨੂੰ ਬਾਬਲੇ।
ਵੀਰੇ ਭਾਬੀਆਂ ਰਲ ਸ਼ਗਨ ਮਨਾਉਂਦੇ,
ਮਾਮੇ ਮਾਸੀਆਂ ਵੀ ਬੜੇ ਸੀ ਉਤਾਵਲੇ।
ਸੱਖੀਆਂ ਸਹੇਲੀਆਂ ਦਿੱਤਾ ਜੋ ਪਿਆਰ,
ਅੱਜ ਤੱਕ ਗਿਆ ਜਾ ਭੁਲਾਇਆ।
ਜਦੋਂ ਦੀ ਤੇਰੇ ਲੜ ਲੱਗ ਗਈ, ਮੈਨੂੰ ਹੱਸਕੇ ਨਾ ਕਦੇ ਤੂੰ ਬੁਲਾਇਆ।

ਪੰਧ ਇਹੋ ਜ਼ਿੰਦਗੀ ਦੇ ਕੱਠਿਆਂ ਮਕਾਉਣ ਵਾਲੇ,
ਤੂੰ ਤਾਂ ਮੈਥੋਂ ਹੁੰਦਾ ਜਾਵੇ ਦੂਰ ਵੇ।
ਚੰਦਰਾ ਸਮਾਜ ਮੈਨੂੰ ਵੱਡ ਵੱਡ ਖਾਵੇ,
ਇਹੈ ਦੁਨੀਆਂ ਭੈੜੀ ਦਾ ਦਸਤੂਰ ਵੇ।
ਤਾਹਨੇ ਮੇਹਣਿਆਂ ਦੇ ਤੀਰ ਮਾਰਦੇ ਨੇ ਲੋਕੀ,
ਜਾਂਦਾ ਦਰਦ ਨਾ ਸੀਨੇ 'ਚ ਛੁਪਾਇਆ।
ਜਦੋਂ ਦੀ ਤੇਰੇ ਲੜ ਲੱਗ ਗਈ, ਮੈਨੂੰ ਹੱਸਕੇ ਨਾ ਕਦੇ ਤੂੰ ਬੁਲਾਇਆ।

ਵਾਸਤਾ ਪਿਆਰ ਵਾਲਾ ਤੈਨੂੰ ਮੇਰੇ ਹਾਣੀਆ,
ਮੋੜ ਲੈ ਮੁਹਾਰਾ ਸਾਡੇ ਵੱਲ ਵੇ।
ਖੁਸ਼ੀਆਂ ਦੀ ਲਹਿਰ ਦੌੜੇ ਗਮਾਂ ਵਾਲੀ ਜ਼ਿੰਦਗੀ 'ਚ,
ਐਸਾ ਤੂੰ ਸੁਨੇਹਾ ਕੋਈ ਘੱਲ ਵੇ।
ਲੱਖਾਂ ਅਰਮਾਨ ਮੇਰੇ ਦਿਲ ਵਿਚ ਦੱਬੇ,
ਮੈਨੂੰ ਰੋਂਦੀ ਨੂੰ ਨਾਂ ਜੈਬਿਆ ਵਰਾਇਆ।
ਜਦੋਂ ਦੀ ਤੇਰੇ ਲੜ ਲੱਗ ਗਈ, ਮੈਨੂੰ ਹੱਸਕੇ ਨਾ ਕਦੇ ਤੂੰ ਬੁਲਾਇਆ।

*

ਦਿਲ ਮੇਰਾ ਜਾਣਕੇ ਨੀ ਤੂੰ ਕੱਚ ਦਾ ਖਿਡਾਉਣਾ, ਮਾਰ ਮਾਰ ਠੋਕਰਾਂ ਤੂੰ ਤੋੜਿਆ।
ਸੰਗ ਨਵਿਆ ਦੇ ਰਲ ਭੁਲ ਗਈ ਪੁਰਾਣੇ, ਤਾਹੀਓਂ ਵੈਰਨੇ ਨੀ ਮੁੱਖ ਮੋੜਿਆ।

ਯਾਦ ਕਰ ਕਾਲਜ ਦੇ ਦਿਨਾਂ ਵਿੱਚ,
ਕੱਠਿਆਂ ਨੇ ਸ਼ਾਮਾ ਸੀ ਗੁਜਾਰੀਆਂ।
ਨਹਿਰ ਦੇ ਕਿਨਾਰੇ ਲੈ ਕੇ ਹੱਥਾਂ ਵਿਚ ਹੱਥ,
ਮਾਰਦੀ ਸੀ ਹਵਾ 'ਚ ਉਡਾਰੀਆਂ।
ਜਾਣਦੇ ਹੋਏ ਵੀ ਤੈਨੂੰ ਕਰਦਾਂ ਪਿਆਰ,
ਮੈਨੂੰ ਗਮਾਂ ਦੇ ਸਮੁੰਦਰਾਂ 'ਚ ਰੋੜਿਆ।
ਸੰਗ ਨਵਿਆਂ ਦੇ ਰਲ ਭੁਲ ਗਈ ਪੁਰਾਣੇ, ਤਾਹੀਓਂ ਵੈਰਨੇ ਨੀ ਮੁੱਖ ਮੋੜਿਆ।

ਨਾ ਇਹ ਹੁਸਨ ਜਵਾਨੀ ਸਦਾ ਰਹਿਣਾ,
ਤੂੰ ਗੱਲ ਨਾ ਵਿਚਾਰੀ ਹਾਨਣੇ।
ਜਾਂਦੇ ਦੋਵੇਂ ਹੱਥ ਲੈ ਕੇ ਖਾਲੀ,
ਜੋ ਰੂਪ ਦੇ ਵਪਾਰੀ ਹਾਣਨੇ।
ਰੱਬ ਰੋਕਿਆ ਸਮੇਂ ਦਾ ਨਈਉ ਰੁਕਦਾ,
ਮੈਂ ਉਹਦੇ ਨਾਲ ਆਪਾ ਜੋੜਿਆ।
ਸੰਗ ਨਵਿਆਂ ਦੇ ਰਲ ਭੁਲ ਗਈ ਪੁਰਾਣੇ, ਤਾਹੀਓਂ ਵੈਰਨੇ ਨੀ ਮੁਖ ਮੋੜਿਆ।

ਪਿਆਰ ਮੇਰੇ ਦੀ ਨਿਲਾਮੀ ਕਰ ਹਾਨਣੇ,
ਨਾ ਜੀਣ ਜੋਗਾ ਮੈਨੂੰ ਛੱਡਿਆ।
ਮੇਰੀ ਜ਼ਿੰਦਗੀ 'ਚ ਕਰਕੇ ਹਨੇਰਾ,
ਨੀ ਦੱਸ ਤੈਨੂੰ ਕੀ ਲੱਭਿਆ।
ਤੇਰੇ ਤਾਹਨਿਆਂ ਨੇ ਦੇਖ ਜੈਬਾ ਚੀਮਾ,
ਨੀ ਵਾਂਗੂੰ ਨਿਬੂੰਆਂ ਨਚੋੜਿਆ।
ਸੰਗ ਨਵਿਆਂ ਦੇ ਰਲ ਭੁਲ ਗਈ ਪੁਰਾਣੇ, ਤਾਹੀਓਂ ਵੈਰਨੇ ਨੀ ਮੁਖ ਮੋੜਿਆ।

*

ਕਿੱਦਾ ਚੋ ਚੋ ਪਵੇ ਪਸੀਨਾ, ਕਾਲਾ ਤਿਲ ਪਿਆ ਚੱਮਕੇ ਨੀ।
ਤੂੰ ਪਾਵੇ ਗਿੱਧੇ ਵਿੱਚ ਧਮਾਲਾਂ, ਜਦੋਂ ਵਰੋਲਾ ਬਣਕੇ ਨੀ।

ਨੀ ਤੂੰ ਹਾਰ ਸ਼ਿੰਗਾਰਾ ਲਗਾਕੇ ਜਦ ਗਿੱਧੇ ਵਿਚ ਆਵੇ ਨੀ।
ਦਿਲ ਜਲਿਆਂ ਦਿਲਗੀਰਾਂ ਨੂੰ ਤੂੰ ਨੱਚਣ ਲਾਵੇਂ ਨੀ।
ਪੈਰੀ ਪਾਉਣ ਝਾਂਜਰਾਂ ਛੋਰ, ਵੰਗ ਵੀਣੀ ਵਿੱਚ ਛੁਣਕੇ ਨੀ।
ਪਾਵੇ ਗਿੱਧੇ ਵਿੱਚ ਧਮਾਲਾ ਜਦੋਂ ਵਰੋਲਾ ਬਣਕੇ ਨੀ।

ਲਾ ਸ਼ਗਨਾਂ ਦੀ ਮਹਿੰਦੀ, ਤੈਨੂੰ ਚਾ ਪਿਆ ਚੜਿਆ ਨੀ।
ਮੈਨੂੰ ਲੱਗਦਾ ਨਾਗ ਇਸ਼ਕ ਦਾ, ਤੇਰੇ ਤਾ ਜਾਈ ਲੜਿਆ ਨੀ।
ਤਾਈਉ ਸੁੱਧ ਬੁੱਧ ਤੇਰੀ ਖੋ ਗਈ, ਕਿਤੇ ਹਵਾਵਾਂ ਬਣਕੇ ਨੀ।
ਪਾਵੇ ਗਿੱਧੇ ਵਿਚ ਧਮਾਲਾ ਜਦੋਂ ਵਰੋਲਾ ਬਣਕੇ ਨੀ।

ਮਾਂ ਪਿਉ ਤੇਰੇ ਤੈਨੂੰ, ਦੱਸ ਕਿੱਦਾਂ ਭੁਲ ਜਾਵਣਗੇ।
ਜਿਹੜੇ ਕੀਤੇ ਲਾਡ ਪਿਆਰ, ਉਹਨਾਂ ਨੂੰ ਚੇਤੇ ਆਵਣਗੇ।
ਅੱਖੇ ਹੁੰਦੇ ਕਰਨੇ ਕੱਠੇ, ਖਿਲਰੀ ਮਾਲਾ ਦੇ ਮਣਕੇ ਨੀ।
ਪਾਵੇ ਗਿੱਧੇ ਵਿਚ ਧਮਾਲਾ ਜਦੋਂ ਵਰੋਲਾ ਬਣਕੇ ਨੀ।

ਰੱਬ ਸਮੇਂ ਦਾ ਲੱਗਦਾ, ਝੱਲੀਏ ਉਲਟਾ ਵਗਿਆ ਨੀ।
ਸ਼ਰਮ ਹਯਾ ਦਾ ਪੱਲੂ, ਤਾਈਓਂ ਗਿਆ ਹੈ ਠੱਗਿਆ ਨੀ।
ਇਹ ਬੇਸ਼ਰਮੀ ਦਾ ਆਲਮ, ਤੁਰਦਾ ਸੀਨਾ ਤਣਕੇ ਨੀ।
ਪਾਵੇ ਗਿੱਧੇ ਵਿੱਚ ਧਮਾਲਾ ਜਦੋਂ ਵਰੋਲਾ ਬਣਕੇ ਨੀ।

*

ਬਹਿਜਾ ਬਹਿਜਾ ਗਿੱਧੇ 'ਚ, ਕਰਾਦੇ ਭਾਬੀਏ ਅੱਜ ਨੱਚਕੇ।
ਮਿੱਟੀ ਅੰਬਰਾਂ ਨੂੰ ਵੇਹੜੇ ਦੀ ਚੜਾਦੇ ਭਾਬੀਏ ਬੱਲੇ ਨੱਚਦੇ।

ਤੋਰ ਕੇ ਬਰਾਤ ਮੁੜੀਆਂ ਘਰਾਂ ਨੂੰ,
ਮੇਲਣਾ ਨਣਾਨਾਂ ਭਰਜਾਈਆਂ।
ਨੱਖਰੇ ਨਾ ਝੱਲੇ ਜਾਣ ਦੋਸਤੋ,
ਰੂਪ ਦੀਆਂ ਮੱਚੀਆਂ ਦੁਹਾਈਆਂ।
ਚੰਦਨ ਦੀ ਗੇਲੀ ਵਾਂਗੂੰ ਗੁੰਦਮੇਂ ਸਰੀਰ,
ਨੈਣ ਭਰੇ ਸ਼ਰਾਬ ਦੇ ਜਿਉਂ ਮੱਟਕੇ।
ਬਹਿਜਾ ਬਹਿਜਾ ਗਿੱਧੇ 'ਚ ਕਰਾਦੇ ਭਾਬੀਏ ਅੱਜ ਨੱਚਕੇ।

ਕਹਿਣਾ ਨਾ ਸੀ ਮੋੜਿਆ ਤੂੰ ਭਾਬੀ ਕਦੇ ਮੇਰਾ,
ਅੱਜ ਦੱਸ ਹੋ ਗਈ ਕਿਹੜੀ ਗੱਲ ਨੀ।
ਕਿਹੜੀ ਗੱਲੋਂ ਬੈਠੀ ਲੱਗੀ ਪੀਲ ਪਾਵੇ ਨਾਲ,
ਉਠ ਗਿੱਧੇ 'ਚ ਮਚਾਦੇ ਤਰਥੱਲ ਨੀ।
ਮੂੰਹ ਤੇ ਉਹੀ ਰੌਣਕਾਂ ਤੇ ਅੱਗੇ ਵਾਲਾ ਖੇੜਾ,
ਇਕ ਵਾਰੀ ਫੇਰ ਤੂੰ ਲਿਆਦੇ ਹੱਸਕੇ।
ਬਹਿਜਾ ਬਹਿਜਾ ਗਿੱਧੇ 'ਚ ਕਰਾਦੇ ਭਾਬੀਏ ਅੱਜ ਨੱਚਕੇ।

ਨੱਚਦੀ ਤੂੰ ਜਦੋਂ ਧਮਕਾਂ ਦੇ ਨਾਲ,
ਸਾਰੇ ਪਿੰਡ ਦੇ ਹਿਲਾ ਦਵੇ ਬਨੇਰੇ।
ਖਵਰੇ ਕੀ ਤੇਰੇ ਪੈਰਾਂ ਵਿਚ ਜਾਦੂ,
ਕੋਈ ਡੱਰਦੀ ਨੱਚੇ ਨਾਲ ਤੇਰੇ।
ਗਿੱਧਿਆਂ ਦੀ ਰਾਣੀਏ ਨੀ ਕਿੰਝ ਗਿੱਧਾ ਪਾਉਣਾ,
ਮੇਲਣਾ ਦੇ ਤਾਈ ਨੀ ਤੂੰ ਜਾਵੀ ਦੱਸ ਕੇ।
ਬਹਿਜਾ ਬਹਿਜਾ ਗਿੱਧੇ 'ਚ, ਕਰਾਦੇ ਭਾਬੀਏ ਅੱਜ ਨੱਚਕੇ।

ਖਿੜ ਖਿੜ ਪਵੇ ਨੀ ਤੂੰ ਹਾਨਣਾਂ ਦੇ ਵਿਚ,
ਜਿਵੇਂ ਫੁੱਲਾਂ ਵਿਚੋਂ ਫੁੱਲ ਨੀ ਗੁਲਾਬ ਦਾ।
ਦੇਖ ਤੈਨੂੰ ਨੱਚਦੀ ਨੂੰ ਇੰਜ ਲੱਗੇ ਮੈਨੂੰ,
ਹੋਵੇ ਨੱਚਦਾ ਜਿਉਂ ਹੁਸਨ ਪੰਜਾਬ ਦਾ।
ਤੇਰੀ ਅੱਖੀਆਂ ਦਾ ਵਾਰ ਚੀਮਾ ਸਕੇ ਨਾ ਸਹਾਰ,
ਤੀਰ ਮਾਰਿਆ ਜੋ ਨੈਣਾਂ ਦਾ ਤੂੰ ਕਸ ਕੇ।
ਬਹਿਜਾ ਬਹਿਜਾ ਗਿੱਧੇ 'ਚ, ਕਰਾਦੇ ਭਾਬੀਏ ਅੱਜ ਨੱਚਕੇ।

*

ਹਾੜੀਆਂ ਵੀ ਲੰਘੀਆਂ ਸਾਉਣੀਆਂ ਵੀ ਲੰਘੀਆਂ, ਬਹਿ ਗਿਆ ਤੂੰ ਜਾਕੇ ਪ੍ਰਦੇਸ ਵੇ।
ਕਿਵੇਂ ਡੁੱਲ ਡੁੱਲ ਪੈਂਦੀ ਆ ਕੇ ਹਾਣੀਆ ਜਵਾਨੀ ਮੇਰੀ ਦੇਖ ਵੇ

ਝੁੰਮਦੀਆਂ ਕਣਕਾਂ ਮੈਂ ਨਾਲ ਨਾਲ ਝੁੰਮਾਂ,
ਦਿਲ ਮੇਰਾ ਉਡ ਉਡ ਜਾਵੇ।
ਤੇਰੇ ਵੇ ਪਿਆਰ ਵਾਲੀ ਡੋਰ ਵਿਚ ਬੱਝਾ,
ਤੁਣਕੇ ਹਵਾ ਦੇ ਵਿਚ ਖਾਵੇ।
ਬੀਤਦੇ ਨੇ ਪੱਲ ਮੈਨੂੰ ਜੁੱਗਾਂ ਦੇ ਸਮਾਨ,
ਮੇਰੀ ਲੰਘ ਜਾਵੇ ਐਵੇਂ ਨਾ ਵਰੇਸ ਸਵੇ।
ਕਿਵੇਂ ਡੁੱਲ ਡੁੱਲ ਪੈਂਦੀ ਆ ਕੇ ਹਾਣੀਆਂ ਜਵਾਨੀ ਮੇਰੀ ਦੇਖ ਵੇ''

ਚਾਨਣੀਆਂ ਰਾਤਾਂ ਵਿਚ ਬੱਚਦੀ ਬਚਾਉਂਦੀ,
ਹਾਣੀਆਂ ਮਿਲਣ ਤੈਨੂੰ ਆਵਾਂ ਵੇ।
ਰਸਤੇ ਦੇ ਵਿਚ ਮੈਨੂੰ ਰੋਕ ਰੋਕ ਪੁੱਛਦਾ,
ਆਪਣਾ ਹੀ ਮੇਰਾ ਪ੍ਰਛਾਵਾਂ ਵੇ।
ਦੇਵਾ ਕੀ ਜਵਾਬ ਉਹਨੂੰ ਡਰਦੀ ਨਾ ਦੱਸਾਂ,
ਪਾ ਨਾ ਦੇਵੇ ਕਿਤੇ ਕੋਈ ਕਲੇਸ਼ ਵੇ।
ਕਿਵੇਂ ਡੁੱਲ ਡੁੱਲ ਪੈਂਦੀ ਆ ਕੇ ਹਾਣੀਆਂ ਜਵਾਨੀ ਮੇਰੀ ਦੇਖ ਵੇ।

ਪਾਣੀ ਭਰਨ ਬਹਾਨੇ ਜਦੋਂ ਖੂਹੇ ਉਤੇ ਜਾਵਾਂ,
ਅੱਜੀ ਪੱਜੀ ਦੇਖਾ ਮੈਂ ਚੁਫੇਰੇ।
ਤੇਰੀ ਵੇ ਜੁਦਾਈ ਵਿਚ ਲੱਗਦਾ ਨਾ ਦਿਲ,
ਦਿਲ ਮੇਰਾ ਬੱਸ ਨਈਉ ਮੇਰੇ।
ਯਾਦ ਕਰ ਵੇਲਾ ਜਿਥੇ ਮਿਲਦੇ ਰਹੇ ਸੀ,
ਆਪਾ ਖੂਹ ਦੇ ਮੁੱਢ ਟਾਲੀ ਵਾਲੇ ਖੇਤ ਵੇ।
ਕਿਵੇਂ ਡੁੱਲ ਡੁੱਲ ਪੈਂਦੀ ਆ ਕੇ ਹਾਣੀਆਂ ਜਵਾਨੀ ਮੇਰੀ ਦੇਖ ਵੇ''

ਚੱਕ ਕੇ ਕਿਤਾਬਾਂ ਐਵੇ ਪੜਨ ਬਹਾਨੇ,
ਮਾਰਾ ਮੈਂ ਚੁਬਾਰੇ ਵਿਚ ਗੇੜੇ।
ਤਾਰੇ ਗਿਣ ਗਿਣ ਕੇ ਮੈਂ ਰਾਤਾਂ ਨੂੰ ਲੰਘਾਵਾਂ।
ਜੈਬੇ ਲੱਗੇ ਨਾ ਵਗੈਰ ਚਿਤ ਤੇਰੇ,
ਰੋਂਦੀ ਕੁਰਲਾਉਂਦੀ ਤਾਈ ਛੱਡ ਗਿਆ ਮੈਨੂੰ,
ਤੈਨੂੰ ਮੇਰੇ ਨਾਲੋਂ ਚੰਗਾ ਪ੍ਰਦੇਸ ਵੇ।
ਕਿਵੇਂ ਡੁੱਲ ਡੁੱਲ ਪੈਂਦੀ ਆ ਕੇ ਹਾਣੀਆਂ ਜਵਾਨੀ ਮੇਰੀ ਦੇਖ ਵੇ''

*

ਕੀ ਸੱਜਣਾਂ ਅਸੀਂ ਚੁੱਕ ਲਿਆ ਤੇਰਾ ਕਿਉਂ ਤੂੰ ਰੁੱਸਦਾ ਜਾਵੇਂ।
ਸੁੱਫ਼ਨਿਆਂ ਵਿੱਚ ਵੀ ਸੌਣ ਨਾਂ ਦੇਵੇ ਮੁੜ ਮੁੜ ਆਣ ਜਗਾਵੇਂ।
ਸਾਉਖੇ ਨਈ ਲੱਭਦੇ ਵਿਛੜੇ ਯਾਰ ਪੁਰਾਣੇ, ਸਾਉਖੇ ਨਈ ਲੱਭਣੇ।

ਸਾਉਣ ਮਹੀਨੇ ਰਲ ਸਈਆਂ ਨਾ, ਪਿੱਪਲੀ ਪੀਂਘਾਂ ਪਾਈਏ।
ਦਿਨ ਖੁਸ਼ੀਆਂ ਦੇ ਨੱਚ ਨੱਚ ਅੜੀਏ, ਅੰਬਰੀ ਪੀਂਘਾਂ ਚੜਾਈਏ।
ਤੀਆਂ ਦੇਖਣ ਨੂੰ ਚੱਲ ਵੱਡੀਏ ਭਰਜਾਈ ਏ।
ਤੀਆਂ ਦੇਖਣ ਨੂੰ, ਤੀਆਂ ਦੇਖਣ ਨੂੰ।

ਕੋਲ ਮੱਥੇ ਤੇ ਚੰਮਕਣ ਤੇਰੇ, ਪੈਰੀਂ ਝਾਜਰਾਂ ਪਾਈਆਂ।
ਧਾਰੀ ਬੰਨਕੇ ਸੁਰਮਾਂ ਪਾਇਆ, ਲੱਗਣ ਘਟਾਵਾਂ ਛਾਈਆਂ।
ਉਹ ਮੇਲਾ ਵੇਖਦੀਆਂ ਨਣਦਾਂ ਤੇ ਭਰਜਾਈਆਂ।
ਉਹ ਮੇਲਾ ਵੇਖਦੀਆਂ, ਉਹ ਮੇਲਾ ਵੇਖਦੀਆਂ।

ਲੱਕ ਪਤਲਾ ਤੇਰੀ ਧੋਣ ਸੁਰਾਹੀ, ਨੱਖਰਾ ਬੜਾ ਪਿਆਰਾ।
ਮੁੱਖੜੇ ਤੇ ਤੇਰੇ ਚੰਮਕੇ ਲਾਲੀ, ਮਾਰਿਆ ਇਸ਼ਕ ਹੁਲਾਰਾ।
ਨੀ ਤੇਰੇ ਨੈਣਾਂ ਦਾ ਡੰਗਿਆ ਫਿਰੇ ਕੁਆਰਾ।
ਨੀ ਤੇਰੇ ਨੈਣਾਂ ਦਾ ਡੰਗਿਆ ਫਿਰੇ ਕੁਆਰਾ।

ਟੁਣੇ ਹਾਰੇ ਨੈਣ ਨੀ ਤੇਰੇ, ਤੋਰ ਤੁਰੇ ਮਸਤਾਨੀ।
ਹਵਾ ਵਿੱਚ ਸੁਗੰਧੀਆਂ ਘੋਲੇ, ਤੇਰੀ ਅੱਲੜ ਜਵਾਨੀ।
ਨੀ ਚੀਮੀਆਂ ਵਾਲੇ ਨੂੰ ਦੇ ਜਾ ਕੋਈ ਨਿਸ਼ਾਨੀ।
ਨੀ ਚੀਮੀਆ ਵਾਲੇ ਤੋਂ ਲੈ ਜਾ ਪਿਆਰ ਨਿਸ਼ਾਨੀ।

*

ਕੀ ਹੁਣ ਆਖਾ ਕੇਹਨੂੰ ਦੱਸਾਂ, ਜਿਹੜਾ ਦਰਦ ਹੰਢਾਇਆ ਮੈਂ।
ਮੇਰੀ ਦਿਲ ਨੇ ਇਕ ਨਾਂ ਮੰਨੀ ਇਹਨੂੰ ਲੱਖ ਸਮਝਾਇਆ ਮੈਂ।

ਕਰਕੇ ਵਾਇਦੇ ਕਿੱਧਰ ਤੁਰ ਗਏ,
ਕਿਥੋਂ ਲੱਭ ਲਿਆਵਾਂਗੇ।
ਹੁੱਦਾ ਬਿਨ ਹਾਣੀ ਕੀ ਜੀਉਣਾ,
ਜੀਉਂਦੇ ਜੀ ਮਰ ਜਾਵਾਂਗੇ।
ਪਾ ਕੇ ਅੱਲੜ ਪੁਣੇ ਵਿਚ ਪ੍ਰੀਤਾਂ,
ਸੀ ਕਿਹੜਾ ਸੁੱਖ ਪਾਇਆ ਮੈਂ।
ਮੇਰੀ ਦਿਲ ਨੇ ਇਕ ਨਾ ਮੰਨੀ ਇਹਨੂੰ ਲੱਖ ਸਮਝਾਇਆ ਮੈਂ।

ਲਾ ਲਿਆ ਰੋਗ ਨਿਮਾਣੀ ਜਿੰਦ ਨੂੰ,
ਕੋਈ ਵੈਦ ਖਿਆਉਂਦਾ ਨਈ।
ਸੱਜਣ ਰੁੱਸ ਗਿਆ ਮੇਰਾ ਮੈਥੋਂ,
ਹੁਣ ਕੋਈ ਦਰਦ ਵੰਡਾਉਂਦਾ ਨਈ।
ਹੌਲੀ ਹੌਲੀ ਸੁੱਕਦਾ ਜਾਵੇ,
ਜੋ ਬੂਟਾ ਪਿਆਰ ਦਾ ਲਾਇਆ ਮੈਂ।
ਮੇਰੀ ਦਿਲ ਨੇ ਇਕ ਨਾ ਮੰਨੀ ਇਹਨੂੰ ਲੱਖ ਸਮਝਾਇਆ ਮੈਂ।

ਏਨਾਂ ਦਰਦ ਪਿਆਰ ਦਾ ਲੈ ਕੇ,
ਦੱਸ ਹੁਣ ਕਿਦਾਂ ਜੀਵਾਂ ਮੈਂ।
ਚਿੱੜੀਆਂ ਦਾ ਮਰਨ ਗੁਆਰਾਂ ਦਾ ਹਾਸਾ,
ਘੁੱਟ ਸੱਬਰ ਦੇ ਪੀਵਾਂ ਮੈਂ।
ਕਰ ਕਰ ਮਿੱਠੀਆਂ ਗੱਲਾਂ,
ਜੈਬਿਆ ਕਿਉ ਭਰਮਾਇਆ ਤੈਂ।
ਮੇਰੀ ਦਿਲ ਨੇ ਇਕ ਨਾ ਮੰਨੀ ਇਹਨੂੰ ਲੱਖ ਸਮਝਾਇਆ ਮੈਂ।
ਮੇਰੀ ਦਿਲ ਨੇ ਇਕ ਨਾ ਮੰਨੀ ਇਹਨੂੰ ਲੱਖ ਸਮਝਾਇਆ ਮੈਂ।

*

ਮੇਰੇ ਮਾਲਕ ਮੇਰੇ ਦਾਤਾ ਐ ਮੇਰੇ ਪਾਲਣ ਹਾਰ।
ਹੱਥ ਜੋੜਕੇ ਬੰਦਨਾ ਮੇਰੀ ਮੇਰਾ ਕਰਦੇ ਬੇੜਾ ਪਾਰ।

ਤੂੰ ਦੁੱਖੀਆਂ ਦੇ ਦੁੱਖ ਨਿਵਾਰੇ,
ਸੱਭ ਦਾ ਆਪ ਉਧਾਰ ਕਰੇ।
ਗੰਨਕਾਂ ਸੱਜਣ ਸੱਦਨਾਂ ਤਾਰੇ,
ਲੋਭੀ ਤੇ ਹੰਕਾਰ ਭਰੇ।
ਸਮਝ ਨਾ ਆਉਂਦੀ ਮਾਲਕ ਤੇਰੀ,
ਲੀਲਾ ਅਪਰਮ ਪਾਰ। ਲੀਲਾ ਅਪਰਮ ਪਾਰ।
ਹੱਥ ਜੋੜਕੇ ਬੰਦਨਾਂ ਮੇਰੀ ਕਰਦੇ ਬੇੜਾ ਪਾਰ।

ਜੋ ਕੋਈ ਮੰਗਦਾ ਸੋਈ ਮਿਲਦਾ,
ਦਰ ਤੇਰੇ ਜੋ ਆਉਂਦਾ ਏ।
ਮ੍ਰਿਗ ਤ੍ਰਿਸ਼ਨਾ ਸਭ ਮਿਟ ਜਾਂਦੀ,
ਜੋ ਤੇਰੇ ਦਰਸ਼ਣ ਪਾਉਂਦਾ ਏ।
ਨਿਗਾ ਸਬੱਲੀ ਜਿਸ ਤੇ ਤੇਰੀ,
ਉਹ ਲੰਘ ਜਾਂਦੇ ਪਾਰ। ਉਹ ਲੰਘ ਜਾਂਦੇ ਪਾਰ।
ਹੱਥ ਜੋੜਕੇ ਬੰਦਨਾ ਮੇਰੀ ਮੇਰਾ ਕਰਦੇ ਬੇੜਾ ਪਾਰ।

ਤੂੰ ਭਗਤਾਂ ਦੀ ਰੱਖਿਆ ਕਰਦਾ,
ਤੇਰੇ ਚੋਜ ਨਿਆਰੇ ਨੇ।
ਮਾਵਾਂ ਨੂੰ ਪੁੱਤਰਾਂ ਤੋਂ ਵੱਧਕੇ,
ਤੈਨੂੰ ਭਗਤ ਪਿਆਰੇ ਨੇ।
ਜਿਸਨੂੰ ਤੂੰ ਹੱਥ ਦੇ ਕੇ ਰੱਖੇ।
ਕੋਈ ਨਾ ਸੱਕਦਾ ਮਾਰ। ਕੋਈ ਨਾ ਸੱਕਦਾ ਮਾਰ।
ਹੱਥ ਜੋੜਕੇ ਬੰਦਨਾ ਮੇਰੀ ਮੇਰਾ ਕਰਦੇ ਬੇੜਾ ਪਾਰ।

ਕਰਦਾ ਚੀਮਾ ਬੰਦਗੀ ਤੇਰੀ,
ਸੀਸ ਝੁਕਾਵੇ ਚਰਨਾਂ ਤੇ।
ਜੋ ਕੁਝ ਹੈ ਸੋ ਤੇਰਾ ਮਾਲਕ,
ਰੋਸ ਨਹੀਂ ਕੋਈ ਕਰਮਾਂ ਤੇ।
ਖੇਡੇ ਆਪ ਖਿਡਾਵੇ ਘੱਲਿਆ।
ਜੋ ਤੂੰ ਵਿਚ ਸੰਸਾਰ। ਜੋ ਤੂੰ ਵਿਚ ਸੰਸਾਰ।
ਹੱਥ ਜੋੜਕੇ ਬੰਦਨਾ ਮੇਰੀ ਮੇਰਾ ਕਰਦਾ ਬੇੜਾ ਪਾਰ।

*

ਸੌ ਦੁੱਖਾਂ ਦਾ ਦਾਰੂ ਕੈਹਕੇ, ਪੀਣ ਵਾਲੇ ਬਹਾਨਾਂ ਪਏ ਭਾਲਦੇ ਨੇ।
ਸ਼ਾਮ ਪਈ ਤੇ ਲੱਭਦੇ ਠੇਕਿਆਂ ਚੋਂ, ਹੁੰਦੇ ਹਾਣੀ ਜੋ ਹਾਣੀ ਦੇ ਨਾਲ ਦੇ ਨੇ।
ਮੈਂ ਨਹੀਂ ਪੀਣੀ ਮੈਂ ਨਹੀਂ ਪੀਣੀ, ਪਹਿਲਾਂ ਹਰ ਕੋਈ ਕਹਿੰਦਾ ਏ।
ਪਰ ਪੈਗ ਪੀਣ ਲਈ ਯਾਰੋ, ਮੂੜ ਬਣਾਉਣਾ ਪੈਂਦਾ ਏ।
ਡੱਬ ਚੋਂ ਕੱਢ ਮਢਾਲੀ ਰੰਗੀ ਉਹਦੇ ਮੋਹਰੇ ਧਰ ਦਿੱਤੀ।
ਆ ਗਈ ਦੇਖ ਬੁੱਲਾਂ ਤੇ ਲਾਲੀ, ਜਦੋ ਗਲਾਸੀ ਭਰ ਦਿਤੀ।
ਭੱਜਕੇ ਫੜੀ ਪਕੌੜੇ ਮੁੰਡਿਆ, ਕੋਈ ਕਿਸੇ ਨੂੰ ਕਹਿੰਦਾ ਏ।
ਪਰ ਪੈਗ ਪੀਣ ਲਈ ਯਾਰੋ, ਮੂੜ ਬਣਾਉਣਾ ਪੈਂਦਾ ਏ।
ਗੱਟ ਗੱਟ ਕਰਕੇ ਪੀ ਕੇ ਸਾਰੀ, ਪੁੱਛਦਾ ਕਿਥੋ ਲਿਆਂਦੀ ਆ।
ਪਹਿਲੇ ਤੋੜ ਦੀ ਲੱਗਦੀ ਦਾਰੂ, ਅੰਦਰ ਚੀਰੀ ਜਾਂਦੀ ਆ।
ਚੱਟ ਕੇ ਨਿੰਬੂ ਬੁੱਲ ਸਵਾਰੇ, ਨੇੜੇ ਹੋ ਹੋ ਬਹਿੰਦਾ ਏ।
ਪਰ ਪੈਗ ਪੀਣ ਲਈ ਯਾਰੋ, ਮੂੜ ਬਣਾਉਣਾ ਪੈਂਦਾ ਏ।
ਰਾਤੀ ਵਿਚ ਨਸ਼ੇ ਦੇ ਹੋ ਕੇ, ਤੂੰ ਦੱਸ ਗਾਲ ਕਿਉਂ ਕੱਢੀ ਬਈ।
ਕਹਿੰਦਾ ਹੱਥ ਕੰਨਾਂ ਨੂੰ ਲਾ ਕੇ, ਅੱਜ ਤੋਂ ਪੀਣੀ ਛੱਡੀ ਬਈ।
ਮੈਨੂੰ ਮਾੜਾ ਦੇਖ ਹਮੇਸ਼ਾ ਮੇਰੇ ਨਾਲ ਉਹ ਖਹਿੰਦਾ ਏ।
ਪਰ ਪੈਗ ਪੀਣ ਲਈ ਯਾਰੋ, ਮੂੜ ਬਣਾਉਣਾ ਪੈਂਦਾ ਏ।
ਸਾਰੇ ਪੀ ਕੇ ਹੋ ਗਏ ਟੱਲੀ, ਕੋਈ ਲੱਲਕਾਰੇ ਮਾਰ ਰਿਹਾ।
ਸ਼ਿੰਦਾ ਖੜਕੇ ਵਿਚ ਦਰਵਾਜ਼ੇ, ਵੱਟ ਮੁੱਛਾਂ ਨੂੰ ਚਾੜ ਰਿਹਾ।
ਕਾਟੋ ਅੱਜ ਫੁੱਲਾਂ ਤੇ ਖੇਲੂ, ਚੀਮਿਆ ਵਾਲਾ ਕਹਿੰਦਾ ਏ।
ਪਰ ਪੈਗ ਪੀਣ ਲਈ ਯਾਰੋ, ਮੂੜ ਬਣਾਉਣਾ ਪੈਂਦਾ ਏ।

*

ਤੇਰਾ ਟੈਟੂ ਸੋਹਣੀਏ ਕਰਦਾ ਗੱਭਰੂਆਂ ਨੂੰ ਤੰਗ ਨੀ। ਤੇਰਾ ਟੈਟੂ ਸੋਹਣੀਏ।
ਇਹ ਨਵਾਂ ਨਾ ਚੜ੍ਹਾਵੇ ਕੋਈ ਚੰਦ ਨੀ, ਤੇਰਾ ਟੈਟੂ ਸੋਹਣੀਏ।

ਜਦੋਂ ਲਵੇਂ ਅੰਗੜਾਈ ਜਾਨ ਮੁੱਠੀ ਵਿੱਚ ਆਈ ਨੀ।
ਤੇਰੀ ਤੋਰ ਨੇ ਰਕਾਨੇ ਤੋਰ ਮਿਰਗਾਂ ਭੁਲਾਈ ਨੀ।
ਕੁੜਤੀ ਦੇ ਵਿਚੋਂ ਲਿਸ਼ਕਾਰੇ ਮਾਰੇ ਗੁੱਜਾਂ ਗੁੱਜਾਂ ਇਸ਼ਕੇ ਦਾ ਡੰਗ ਨੀ।
ਤੇਰਾ ਟੈਟੂ ਸੋਹਣੀਏ ਕਰਦਾ ਗੱਭਰੂਆਂ ਨੂੰ ਤੰਗ ਨੀ। ਤੇਰਾ''

18 ਸਾਲ ਦੀ ਉਮਰ ਮਾਰੇ ਜੋਬਨ ਹੁਲਾਰੇ ਨੀ।
ਹੱਥ ਢਾਕਾਂ ਉਤੇ ਰੱਖੇ ਜਦੋਂ ਮੁਟਿਆਰੇ ਨੀ।
ਘੋਲਦੀ ਸੁਗੰਧੀਆਂ ਹਵਾ ਦੇ ਵਿਚ ਜਾਵੇ ਪੈਂਦਾ ਡੁੱਲ ਡੁੱਲ ਲਗੇ ਤੇਰਾ ਰੰਗ ਨੀ।
ਤੇਰਾ ਟੈਟੂ ਸੋਹਣੀਏ ਕਰਦਾ ਗੱਭਰੂਆਂ ਨੂੰ ਤੰਗ ਨੀ। ਤੇਰਾ''

ਚਿਤ ਕਰੇ ਮੇਰਾ ਤੈਨੂੰ ਘੁੱਟ ਗਲ ਲਾ ਲਵਾਂ।
ਜੱਗ ਦੀਆਂ ਨਜ਼ਰਾਂ ਤੋਂ ਝੱਲੀਏ ਬਣਾ ਲਵਾਂ।
ਕਰਦੇ ਖਰੁਦ ਮੱਲੋ ਮੱਲੀ ਤੇਰੇ ਲੂਛ ਕਰਦੇ ਜੋ ਅੰਗਨੀ।
ਤੇਰਾ ਟੈਟੂ ਸੋਹਣੀਏ ਕਰਦਾ ਗੱਭਰੂਆਂ ਨੂੰ ਤੰਗ ਨੀ। ਤੇਰਾ''

ਜਦੋਂ ਦਾ ਤੂੰ ਇਹਨੂੰ ਪਿੱਠ ਉਤੇ ਖੁਦਵਾਇਆ ਨੀ।
ਲੱਗਦਾ ਇਲਾਕੇ 'ਚ ਭੂਚਾਲ ਜੇਹਾ ਆਇਆ ਨੀ।
ਰੱਖੀਂ ਤੂੰ ਲਕੋਕੇ ਪਾਵੇਂ ਨਾ ਫਸਾਦ ਬਸ ਚੀਮਿਆ ਵਾਲੇ ਦੀ ਇਹੋ ਮੰਗ ਨੀ।

ਤੇਰਾ ਟੈਟੂ ਸੋਹਣੀਏ, ਤੇਰਾ ਟੈਟੂ ਸੋਹਣੀਏ।
ਕਰਦਾ ਗੱਭਰੂਆਂ ਨੂੰ ਤੰਗ ਨੀ। ਤੇਰਾ''

*

ਉਹ ਜਿਸ ਨੂੰ ਰਹੇ ਸਵਾਰਦਾ, ਤੂੰ ਨਿੱਤ ਸਵੇਰੇ ਉਠ।
ਸਾਂਭਿਆ ਸਾਂਭ ਨਾਂ ਹੋਵਣੀ, ਜਾਣੀ ਖਿਲਰ ਮਿੱਟੀ ਦੀ ਮੁੱਠ।

ਉਠ ਤੜਕੇ ਕਰਦਾ ਬੰਦਗੀ, ਮਨ ਵਿਚ ਤੇਰੇ ਪਾਪ।
ਬੇਸਮਝਾ ਕਦੇ ਨਾ ਸਮਝਿਆ, ਕੀ ਹੋਵਣ ਵਾਲਾ ਖਾਸ।
ਪੈਦਾ ਫਲ ਕੀਤੀ ਦਾ ਭੁਗਤਣਾ, ਤੇ ਝੱਲਣੇ ਪੈਦੇ ਦੁੱਖ।
ਤੈਥੋਂ ਸਾਂਭਿਆ ਸਾਂਭ ਨਾ ਹੋਵਣੀ, ਜਾਣੀ ਖਿਲਰ ਮਿੱਟੀ ਦੀ ਮੁੱਠ।

ਕਿਉਂ ਭਰੇ ਹੁੰਗਾਰੇ ਭਰਮ ਦੇ, ਏਥੋਂ ਕੁਝ ਨਾ ਜਾਂਦਾ ਨਾਲ।
ਦੇਖਲੈ ਝਾਤੀ ਮਾਰਕੇ, ਤੂੰ ਕਰਕੇ ਰਾਤ ਖਿਆਲ।
ਚੜਦਾ ਸੱਚ ਨੂੰ ਫਾਂਸੀ ਦੇਖਕੇ, ਕਿਉਂ ਧਾਰੀ ਬੈਠਾ ਚੁੱਪ।
ਤੈਥੋਂ ਸਾਂਭਿਆ ਸਾਂਭ ਨਾ ਹੋਵਣੀ, ਜਾਣੀ ਖਿਲਰ ਮਿੱਟੀ ਦੀ ਮੁੱਠ।

ਮਾਣ ਕਰੇ ਕਿਹੜੀ ਗੱਲ ਦਾ, ਕਿਉਂ ਜਾਵੇਂ ਉਹਨੂੰ ਭੁੱਲ।
ਜਦ ਵਗੇ ਹਨੇਰੀ ਵਕਤ ਦੀ, ਕਰ ਦੇਵੇ ਦੀਵਾ ਗੁੱਲ।
ਫਿਰ ਤੇਰੇ ਵੀ ਤੈਥੋਂ ਆਪਣੇ, ਦੇਖੀ ਮੋੜ ਲੈਣਗੇ ਮੁੱਖ।
ਤੈਥੋਂ ਸਾਂਭਿਆ ਸਾਂਭ ਨਾ ਹੋਵਣੀ, ਜਾਣੀ ਖਿਲਰ ਮਿੱਟੀ ਦੀ ਮੁੱਠ।

ਕਰਕੇ ਚੋਰੀ ਯਾਰੀ ਠੱਗੀਆਂ, ਤੂੰ ਬਣਦਾ ਫਿਰੇ ਸ਼ੈਤਾਨ।
ਜੋ ਦਿੱਸਦਾ ਹੈ ਸਭ ਵਿਣਸਦਾ, ਇਹ ਗੁਰੂਆਂ ਦਾ ਫੁਰਮਾਨ।
ਉਠ ਜੈਬਿਆ ਜਨਮ ਸੁਧਾਰ ਲੈ, ਛੱਡ ਲਾਲਚ ਦੀ ਭੁੱਖ।
ਤੈਥੋਂ ਸਾਂਭਿਆ ਸਾਂਭ ਨਾ ਹੋਵਣੀ, ਜਾਣੀ ਖਿਲਰ ਮਿੱਟੀ ਦੀ ਮੁੱਠ।

*

ਵਕਤ ਦੀਆਂ ਸਭ ਖੇਡਾਂ ਸੱਜਣਾਂ ਨਾ ਇਹ ਰੋਕਿਆ ਕਿਸੇ ਦਾ ਰੁਕਦਾ।
ਵਕਤ ਸਦਾ ਮਨ ਮਾਨੀ ਕਰਦਾ ਨਾ ਬਾਤ ਕਿਸੇ ਦੀ ਪੁੱਛਦਾ।

ਸਮਾਂ ਪਰਖਦਾ ਰਹੇ ਇਨਸਾਨ ਤਾਂਈ,
ਇਨਸਾਨ ਕਦੇ ਨਾ ਸਮੇਂ ਨੂੰ ਪਰਖ ਸਕਦਾ।
ਸਮਾਂ ਬਣੇ ਇਨਸਾਨ ਦਾ ਸਦਾ ਸਾਂਝੀ,
ਨਹੀਂ ਪਤਾ ਇਨਸਾਨ ਕਦ ਗਰਕ ਸਕਦਾ।
ਰੱਸਾ ਕੀਲੇ ਦੇ ਜ਼ੋਰ ਤੇ ਤਾਗਦਾ ਏ,
ਕੱਲਾ ਕਦੇ ਵੀ ਦੇਖਿਉ ਜਰਕ ਸਕਦਾ।
ਮੇਲਾ ਜੀਉਦਿਆਂ ਦਾ ਹੁੰਦਾ ਜਗ ਉਤੇ,
ਮਰਿਆਂ ਬਾਦ ਬਸ ਆਤਮਾ ਭਟਕ ਸਕਦਾ।
ਦੋ ਦਿਲਾਂ ਨੂੰ ਨਾ ਸੀਨੇ ਵਿਚ ਥਾਂ ਮਿਲਦੀ,
ਤੇ ਦਿਲ ਇਕੋ ਹੀ ਸੀਨੇ ਵਿਚ ਧੜਕ ਸਕਦਾ।
ਇਜ਼ਤ ਮਾਣ ਰਸੂਖ ਤੇ ਬਾਦ ਸ਼ਾਈਆਂ,
ਉਹ ਵੀ ਸਮਾਂ ਹੀ ਬੰਦੇ ਨੂੰ ਬਖ਼ਸ਼ ਸਕਦਾ।
ਮੇਰੇ ਦੋਸਤ ਸਮੇਂ ਤੋਂ ਸਦਾ ਡਰੀਏ,
ਇਹ ਵਾਂਗੂੰ ਬੱਕਰੇ ਬੰਦੇ ਨੂੰ ਝਟਕਾ ਸਕਦਾ।
ਵਾਗ ਸਮੇਂ ਦੀ ਪਕੜਨੀ ਬੜੀ ਔਖੀ,
ਕੋਈ ਪਤਾ ਨਾ ਕਦੋਂ ਕੀ ਵਰਤ ਸਕਦਾ।
ਸਮਾਂ ਰੁਕਿਆ ਨਾ ਪੀਰ ਪੈਗੰਬਰਾਂ ਲਈ,
ਉਹ ਕਿਵੇਂ ਤੇਰੇ ਲਈ ਚੀਮਿਆ ਅਟਕ ਸਕਦਾ।

*

ਚੁੱਪ ਕਰ ਚੁੱਪ ਕਰ ਸੁਣ ਲੈ, ਤੈਨੂੰ ਗੱਲ ਸੁਣਾਉਣੀਆਂ।
ਲਗਦੀ ਬੜੀ ਹੈ ਸੌਖੀ, ਪਰ ਆਉਖੀ ਸਮਝਾਉਣੀਆਂ।

ਲਾਲਟੈਣ ਦੇ ਚਾਨਣ ਵਿਚ, ਸੀ ਤੱਕਿਆ ਜਦ ਤੈਨੂੰ।
ਲੱਗਿਆ ਪਿਛਲੇ ਜਨਮ ਗੁਆਇਆ, ਮਿਲਿਆ ਐਸ ਜਨਮ ਮੈਨੂੰ।
ਕਿਸੇ ਨੂੰ ਪੁੱਛਕੇ ਕਿਸੇ ਨੂੰ ਦੱਸਕੇ, ਕਾਹਨੂੰ ਬਾਤ ਵਧਾਉਣੀਆਂ।
ਚੁੱਪ ਕਰ ਚੁੱਪ ਕਰ ਸੁਣ ਲੈ, ਤੈਨੂੰ ਗੱਲ ਸੁਣਾਉਣੀਆ।

ਸੰਗ ਸ਼ਰਮ ਹੈ ਸਾਡਾ ਗਹਿਣਾ, ਕਿਵੇਂ ਅਲਾਪਦੇ ਰਹਿੰਦੇ ਨੇ।
ਢੱਕਦੇ ਨਹੀਂ ਬਦਨ ਜੋ ਕੱਪੜੇ, ਉਹਨੂੰ ਫ਼ੈਸ਼ਨ ਕਹਿੰਦੇ ਨੇ।
ਜਾਕੇ ਵਿਚ ਕਲੱਬਾਂ ਪੱਬਾਂ, ਕਾਹਨੂੰ ਕਦਰ ਘਟਾਉਣੀਆਂ।
ਚੁੱਪ ਕਰ ਚੁੱਪ ਕਰ ਸੁਣ ਲੈ, ਤੈਨੂੰ ਗੱਲ ਸੁਣਾਉਣੀਆਂ।

ਜੇ ਅੱਜ ਮੈਨੂੰ ਕੋਈ ਪੁੱਛੇ, ਜ਼ਿੰਦਗੀ ਵਸਲ ਕਿਵੇਂ ਕਰਦਾ।
ਮੈਂ ਹੱਥ ਜੋੜ ਕੇ ਦੱਸੂ ਪਾਣੀ ਬੀਬੀ ਦਾ ਭਰਦਾ।
ਐਵੇਂ ਵਾਧੂ ਜੀ ਨਾ ਸਮਝਿਉ ਆਪਾ ਖਾਸ ਬਣਾਉਣੀਆਂ।
ਚੁੱਪ ਕਰ ਚੁੱਪ ਕਰ ਸੁਣਲੈ ਤੈਨੂੰ ਗੱਲ ਸੁਣਾਉਣੀਆਂ।

ਦੱਸਕੇ ਆਪਣੀ ਦਰਦ ਕਹਾਣੀ, ਉਹ ਹਾਉਕੇ ਭਰਦੇ ਰਹਿੰਦੇ ਨੇ।
ਕੱਪੜੇ ਧੋਈਏ ਸਾਂਭ ਨਿਆਣੇ ਭਾਂਡੇ ਵੀ ਮਾਂਜਣੇਂ ਪੈਂਦੇ ਨੇ।
ਚੀਮਿਆ ਕਰ ਕੋਈ ਐਸਾ ਹੀਲਾ, ਜੇ ਜ਼ਿੰਦਗੀ ਸਵਰਗ ਬਣਾਉਣੀਆਂ।

ਚੁੱਪ ਕਰ ਚੁੱਪ ਕਰ ਸੁਣ ਲੈ, ਤੈਨੂੰ ਗੱਲ ਸੁਣਾਉਣੀਆਂ।
ਚੁੱਪ ਕਰ ਚੁੱਪ ਕਰ ਸੁਣ ਲੈ, ਤੈਨੂੰ ਗੱਲ ਸੁਣਾਉਣੀਆਂ।

*

ਬਦਲ ਗਿਆ ਇਨਸਾਨ ਭਰਾਵੋ, ਬਦਲ ਗਿਆ ਇਨਸਾਨ।
ਮੋਹ ਮਮਤਾ ਦੀ ਚਾਦਰ ਉਡ ਗਈ, ਪੈਸਾ ਹੀ ਪ੍ਰਧਾਨ।
ਭਰਾਵੋ ਪੈਸਾ ਹੀ ਪ੍ਰਧਾਨ।

ਜਿਨ੍ਹਾਂ ਦੀ ਖਾਤਰ ਭੱਜਾ ਫਿਰਦਾ, ਭੁੱਲ ਜਾਵਣਗੇ ਤੈਨੂੰ।
ਝੂਠ ਨੂੰ ਸੱਚ ਹੀ ਸਮਝੀ ਜਾਵੇ, ਪਤਾ ਲੱਗੂ ਜਦ ਤੈਨੂੰ।
ਖਰੇ ਖੋਟੇ ਦੀ ਲੱਗਦਾ ਏ ਤੂੰ ਭੁੱਲ ਬੈਠਾ ਪਹਿਚਾਣ।
ਬਦਲ ਰਿਹਾ ਇਨਸਾਨ ਭਰਾਵੋ ਬਦਲ ਰਿਹਾ ਇਨਸਾਨ।

ਤੁਰਨਾ ਉਂਗਲੀ ਫੜ ਸਿਖਲਾਇਆ, ਹੱਥੀਂ ਕਰ ਕਰ ਛਾਵਾਂ।
ਬੇਕਦਰਾਂ ਨੇ ਕਦਰ ਨਾ ਜਾਣੀ, ਫਿਰਨ ਰੋਂਦੀਆਂ ਮਾਵਾਂ।
ਮਾਣਜਿਨਾਂ ਤੇ ਦੇਵਣ ਧੱਕੇ ਕਲ ਜੁੱਗ ਦੇ ਸ਼ੈਤਾਨ।
ਬਦਲ ਰਿਹਾ ਇਨਸਾਨ ਭਰਾਵੋ ਬਦਲ ਰਿਹਾ ਇਨਸਾਨ।

ਦੇਖੋ ਧੀਰਜ ਧਰਮ ਗੁਆਲਿਆ, ਬਣ ਗਏ ਆਪਣੇ ਗੈਰ।
ਬੇੜਾ ਭਰਕੇ ਡੁੱਬਦਾ ਪਾਪ ਦਾ, ਫਿਰ ਜਦੋਂ ਵਰਤਦਾ ਕਹਿਰ।
ਹੱਥ ਪਾਕੇ ਦਾੜੀ ਬਾਪ ਦੇ, ਇਹ ਬਣਦੇ ਨੇ ਬਲਵਾਨ।
ਬਦਲ ਰਿਹਾ ਇਨਸਾਨ ਭਰਾਵੋ ਬਦਲ ਰਿਹਾ ਇਨਸਾਨ।

ਇਥੋਂ ਉਡਜਾ ਮੋਰ ਕਲੈਰੀਆ, ਤੁਰਨਾ ਭੁੱਲ ਜਾਵੇਗਾ ਤੋਰ।
ਚੀਮਿਆ ਭਰਦਾ ਫਿਰੇ ਉਡਾਰੀਆਂ, ਤੇਰੇ ਖੰਭ ਦੇਣਗੇ ਤੋੜ।
ਏਥੇ ਪਕੜ ਡੰਗੋਰੀ ਤੋਰਨਾ ਭੁੱਲੀ ਮਾਪਿਆਂ ਨੂੰ ਸੰਤਾਨ।
ਬਦਲ ਰਿਹਾ ਇਨਸਾਨ ਭਰਾਵੋ ਬਦਲ ਰਿਹਾ ਇਨਸਾਨ।
ਪੈਸਾ ਹੀ ਪ੍ਰਧਾਨ ਭਰਾਵੋ ਪੈਸਾ ਹੀ ਪ੍ਰਧਾਨ।

*

ਕਰਲੈ ਜੋ ਮਰਜ਼ੀ ਤੂੰ ਕਰਨਾ, ਮਿਲਦਾ ਕੀਤੇ ਕਰਮਾਂ ਦਾ।
ਪੱਲੇ ਬੰਨ ਲਿਆਇਆ ਜੇਹੜਾ, ਆਪਣੇ ਪਿਛਲੇ ਜਨਮਾਂ ਦਾ

ਲਿਖਤਾ ਬਹਿ ਮਾਤਾ ਜੋ ਲਿਖੀਆਂ, ਕੋਈ ਮੋੜ ਨਹੀਂ ਸਕਦਾ।
ਜਾਵੇ ਟੁੱਟ ਜ਼ਿੰਦਗੀ ਦੀ ਡੋਰ, ਤਾਂ ਕੋਈ ਜੋੜ ਨਹੀਂ ਸਕਦਾ।
ਤੂੰ ਵੀ ਕੱਢ ਦੇ ਦਿਲੋਂ ਭੁਲੇਖਾ, ਝੂਠੇ ਬਹਿਮਾਂ ਭਰਮਾਂ ਦਾ।
ਕਰਲੈ ਜੋ ਮਰਜ਼ੀ ਤੂੰ ਕਰਮਾਂ ਮਿਲਦਾ ਕੀਤੇ ਕਰਮਾਂ ਦਾ।

ਜੀਵਨ ਤੇਰਾ ਵਾਂਗ ਬੁਲਬੁਲੇ ਪਾਣੀ ਤੇ ਤਰਦਾ ਏ।
ਫਿਰਵੀ ਪਾਪੀ ਮਨ ਇਹ ਤੇਰਾ ਫਿਰੇ ਕੁਲਾਵੇ ਭਰਦਾ ਏ।
ਵਾਗਾ ਬਿਨਾਂ ਭਜਾਵੇ ਘੋੜੇ ਭੱਜਦਾ ਵਗ ਜਿਉਂ ਹਰਨਾਂ ਦਾ।
ਕਰ ਲੈ ਜੋ ਮਰਜ਼ੀ ਤੂੰ ਕਰਨਾ, ਮਿਲਦਾ ਕੀਤੇ ਕਰਮਾਂ ਦਾ।

ਬੈਠਾ ਦਿਲ ਵਿਚ ਹਉਮੈ ਦੱਬੀ, ਮੂੰਹੋਂ ਰਾਮ ਰਾਮ ਕਰਦਾ।
ਆ ਗਈ ਬਾਤ ਮੁੱਕਣ ਤੇ ਤੇਰੀ, ਜਿਹਦੇ ਹੁੰਘਾਰੇ ਤੂੰ ਭਰਦਾ।
ਸੁੱਖ ਬਿਨ ਕਰਮਾਂ ਨਾ ਮਿਲਦਾ ਉਸ ਮਾਲਕ ਦੇ ਚਰਨਾਂ ਦਾ।
ਕਰਲੈ ਜੋ ਮਰਜ਼ੀ ਤੂੰ ਕਰਨਾ ਮਿਲਦਾ ਕੀਤੇ ਕਰਮਾਂ ਦਾ।

ਨੇਕੀ ਨਹੀਂ ਛੁਪਾਇਆ ਛੁਪਦੀ, ਝੂਠ ਲੁਕਾਇਆ ਨਾ ਲੁੱਕਦਾ।
ਹੁੰਦੀ ਸੱਚ ਦੀ ਜਿੱਤ ਹਮੇਸ਼ਾਂ ਨਾ ਉਹ ਕਿਸੇ ਅੱਗੇ ਝੁਕਦਾ।
ਚੀਮਿਆ ਕਰਦੇ ਹੇਰਾ ਫੇਰੀ ਆਸਰਾ ਲੈ ਕੇ ਧਰਮਾਂ ਦਾ।
ਕਰਲੈ ਜੋ ਮਰਜ਼ੀ ਤੂੰ ਕਰਨਾ ਮਿਲਦਾ ਕੀਤੇ ਕਰਮਾਂ ਦਾ।
ਪੱਲੇ ਬੰਨ ਲਿਆਇਆ ਜੇਹੜਾ ਆਪਣੇ ਪਿਛਲੇ ਜਨਮਾਂ ਦਾ।

*

ਅੱਡੀ ਮਾਰ ਜਦੋਂ ਛਣਕਾਵੇਂ, ਪਾਉਂਦੇ ਛੋਰ ਕੁੜੇ।
ਲੁੱਟ ਕੇ ਲੈ ਗਏ ਮੈਨੂੰ, ਝਾਂਜਰ ਤੇਰੀ ਦੇ ਬੋਰ ਕੁੜੇ।

ਤੇਰੀਆਂ ਰਾਹਾਂ ਦੇ ਵਿਚ ਬੈਠ,
ਮੈਂ ਕਰਾਂ ਉਡੀਕਾਂ ਨੀ।
ਕਰਦਾ ਪੂਰੇ ਮਸਾਂ ਦਿਹਾੜੇ,
ਮਾਰ ਕੰਧਾਂ ਤੇ ਲੀਕਾਂ ਨੀ।
ਤੇਰੇ ਹਿਜਰਾਂ ਦੇ ਵਿੱਚ ਹੋਇਆ।
ਸੁੱਕ ਕਮਜ਼ੋਰ ਕੁੜੇ।
ਲੁੱਟ ਕੇ ਲੈ ਗਏ ਮੈਨੂੰ, ਝਾਂਜਰ ਤੇਰੀ ਦੇ ਬੋਰ ਕੁੜੇ।

ਆ ਕੇ ਜ਼ਿੰਦਗੀ ਵਿੱਚ ਮੇਰੇ,
ਸੁੱਤੇ ਅਰਮਾਨ ਜਗਾ ਦਿੱਤੇ।
ਬੀਤੇ ਪਲ ਪਲ ਵਾਂਗੂੰ ਸਾਲਾਂ ਦੇ,
ਜੋ ਤੈਥੋਂ ਬਿਨਾਂ ਬਿਤਾ ਦਿੱਤੇ।
ਜਦ ਮੰਜ਼ਿਲ ਨੇੜੇ ਆਣ ਢੁੱਕੀ,
ਕਿਉਂ ਵਾਗਾ ਦਿੱਤੀਆਂ ਮੋੜ ਕੁੜੇ।
ਲੁੱਟ ਕੇ ਲੈ ਗਏ ਮੈਨੂੰ, ਝਾਂਜਰ ਤੇਰੀ ਦੇ ਬੋਰ ਕੁੜੇ।

ਜਦ ਦਰਸ਼ਨ ਤੇਰੇ ਹੋ ਜਾਂਦੇ,
ਦਿਲ ਖਿੜਦਾ ਵਾਂਗ ਬਹਾਰਾਂ ਦੇ।
ਕੀ ਜੀਉਣਾ ਹੈ ਬਿਨ ਸਾਥੀ ਦੇ।
ਕੀ ਜ਼ਿੰਦਗੀ ਬਿਨ ਦਿਲਦਾਰਾਂ ਦੇ।
ਸੁੱਖ ਬਦਲੇ ਦਰਦ ਖਰੀਦ ਲਏ,
ਕਦੇ ਨਾ ਮੰਗਿਆ ਕੁਝ ਹੋਰ ਕੁੜੇ।
ਲੁੱਟ ਕੇ ਲੈ ਗਏ ਮੈਨੂੰ, ਝਾਂਜਰ ਤੇਰੀ ਦੇ ਬੋਰ ਕੁੜੇ।

ਆ ਸੱਜਣਾਂ ਆਪਾਂ ਰਲ ਮਿਲਕੇ,
ਇਕ ਪਿਆਰ ਦਾ ਮਹਿਲ ਬਣਾ ਲਈਏ।
ਇਸ ਦੁਨੀਆਂ ਤੋਂ ਚੱਲ ਦੂਰ ਪਏ,
ਕੋਈ ਵੱਖਰਾ ਸਵਰਗ ਬਣਾ ਲਈਏ।
ਇਕ ਤੂੰ ਹੋਵੇ ਇਕ ਮੈਂ ਹੋਵਾਂ,
ਦਿਲ ਚੀਮੇ ਨਾਲ ਜੋੜ ਕੁੜੇ।
ਲੁੱਟ ਕੇ ਲੈ ਗਏ ਮੈਨੂੰ, ਝਾਂਜਰ ਤੇਰੀ ਦੇ ਬੋਰ ਕੁੜੇ।

*

ਕਿਉਂ ਤੂੰ ਚੁੱਪ ਕਰਕੇ ਤੁਰ ਜਾਂਦਾ, ਗੱਲ ਕੋਈ ਕਰਿਆ ਕਰ ਸੱਜਣਾਂ।
ਮਿਲਿਆ ਮਾਣਸ ਜਨਮ ਜੋ ਤੈਨੂੰ ਇਹੇ ਮੁੜਕੇ ਨੀ ਲੱਭਣਾ।

ਏਥੇ ਭੁੱਲ ਜਾਂਦੇ ਨੇ ਸਾਰੇ, ਗੱਲਾਂ ਸੱਚੀਆਂ ਦੱਸੀਆਂ ਨੂੰ।
ਭੱਜਣਾ ਹੈ ਮਰਦਾ ਨੂੰ ਮੇਹਣਾਂ, ਤੇ ਡੁੱਬ ਜਾਣਾਂ ਮੱਛੀਆਂ ਨੂੰ।
ਜਿਹਨਾਂ ਖਾਤਰ ਟੁੱਟ ਟੁੱਟ ਮਰਦਾ ਉਹਨੀ ਖਾਲੀ ਹੱਥ ਕੱਢਣਾ।
ਕਿਉਂ ਤੂੰ ਚੁੱਪ ਕਰਕੇ ਤੁਰ ਜਾਂਦਾ, ਗੱਲ ਕੋਈ ਕਰਿਆ ਕਰ ਸੱਜਣਾਂ।

ਵਿਛੜ ਜਾਣ ਹਾਣੀ ਤੋਂ, ਹਾਣੀ ਯਾਦਾਂ ਪਿਛੇ ਰਹਿ ਜਾਂਦੀਆਂ ਨੇ।
ਕਰ ਕਰ ਯਾਦ ਉਹਨਾਂ ਨੂੰ ਰੋਣਾਂ, ਸੋਚਾਂ ਵੱਡ ਵੱਡ ਖਾਂਦੀਆਂ ਨੇ।
ਜਿਉਂਦਾ ਲਾਸ਼ ਵਰੋਬਰ ਫਿਰਦਾ, ਮਰਿਆਂ ਕਿਥੋਂ ਦੱਸ ਲੱਭਣਾ।
ਕਿਉਂ ਤੂੰ ਚੁੱਪ ਕਰਕੇ ਤੁਰ ਜਾਂਦਾ, ਗੱਲ ਕੋਈ ਕਰਿਆ ਕਰ ਸੱਜਣਾਂ।

ਵੇਹੜੇ ਵਿਚ ਅੰਬੀਆਂ ਦਾ ਬੂੱਟਾ, ਪਾਉਂਦਾ ਝਲਕ ਬਹਾਰਾਂ ਦੀ।
ਬਹਿੰਦੀ ਆਣ ਜਿਥੇ ਹੋ ਕੱਠੀ, ਢਾਣੀ ਜੁੰਡੀ ਦੇ ਯਾਰਾਂ ਦੀ।
ਇਹ ਦੁਨੀਆਂ ਦੋ ਧਾਰੀ ਹੈ ਦਾਤੀ ਜਿਧਰੋਂ ਮਰਜ਼ੀ ਹੈ ਵੱਡਣਾਂ।
ਕਿਉਂ ਤੂੰ ਚੁੱਪ ਕਰਕੇ ਤੁਰ ਜਾਂਦਾ, ਗੱਲ ਕੋਈ ਕਰਿਆ ਕਰ ਸੱਜਣਾਂ।

ਮੇਰੀ ਮੇਰੀ ਮੈਂ ਮੈਂ ਕਰਕੇ, ਐਵੇਂ ਮਾਣ ਵਧਾ ਲਿਆ ਤੂੰ।
ਚੀਮਿਆ ਬਣਿਆ ਫਿਰੇ ਸਿਆਣਾਂ, ਝੋਰਾ ਜਿੰਦ ਨੂੰ ਲਾ ਲਿਆ ਤੂੰ।
ਜਿਹੜੀ ਦਲ ਦਲ ਵਿਚ ਜਾ ਧੱਸਿਆ ਏਥੋਂ ਕੇਹਨੇ ਦੱਸ ਕੱਢਣਾਂ।
ਕਿਉਂ ਤੂੰ ਚੁੱਪ ਕਰਕੇ ਤੁਰ ਜਾਂਦਾ, ਗੱਲ ਕੋਈ ਕਰਿਆ ਕਰ ਸੱਜਣਾਂ।
ਮਿਲਿਆ ਮਾਣਸ ਜਨਮ ਜੋ ਤੈਨੂੰ ਇਹ ਮੁੜਕੇ ਨੀ ਲੱਭਣਾਂ।

*

ਲੱਗਣ ਨਾ ਪੈਰ ਧਰਤੀ ਤੇ ਤੇਰੇ, ਕੀ ਤੂੰ ਦੱਸ ਧਰਿਆ ਵਿਆਹ।
ਤੂੰ ਦੱਸ ਨੀ ਮਜਾਜਣੇ, ਦੱਸ ਮੈਨੂੰ ਤੈਨੂੰ ਕਾਹਦਾ ਚਾਅ।

ਘੁਰ ਘੁਰ ਦੇਖਦੇ ਤੂੰ ਜਿੱਧਰੋਂ ਵੀ ਲੰਘੇ,
ਲੈਕੇ ਨੀ ਦੁਪੱਟਾ ਸੂਹੇ ਰੰਗ ਦਾ।
ਹੁਕ ਜੇਹੀ ਛੇੜੀ ਜਾਵੇ ਸਾਰਿਆਂ ਦੇ ਦਿਲੀ,
ਕਿਥੋਂ ਨੀ ਲਿਆਦਾਂ ਰੂਪ ਝੰਗ ਦਾ।
ਰਾਂਝੇ ਦਿਆਂ ਹਾਣੀਆਂ ਜਾਂ ਹੀਰ ਦੀ ਸਹੇਲੀਆਂ ਤੋਂ,
ਕਿਥੋਂ ਸਿਖੀ ਨੱਡੀਏ ਅਦਾ।
ਤੂੰ ਦੱਸ ਨੀ ਮਜਾਜਣੇ ਦੱਸ ਮੈਨੂੰ ਤੈਨੂੰ ਕਾਹਦਾ ਚਾਅ।

ਹਰਨਾਂ ਦੇ ਕੋਲੋਂ ਤੇਰੇ ਮੰਗ ਲਈ ਉਧਰੀ,
ਘੁੱਗੀਆਂ ਤੋਂ ਭੋਲਾਪਨ ਪਾਲਿਆ।
ਸਧਰਾਂ ਦੀ ਪੀਂਘ ਉਤੇ ਉਡ ਅਸਮਾਨੀ,
ਚੇਤਾ ਕਿੰਨੀ ਛੇਤੀ ਸੱਜਣਾਂ ਭੁਲਾਇਆ।
ਸਖੀਆਂ ਦੇ ਨਾਲ ਫਿਰੇ ਕਰਦੀ ਚਹੇਡਾ,
ਭੁੱਲਾ ਤੈਨੂੰ ਲੱਗਦਾ ਖੁਦਾ।
ਤੂੰ ਦੱਸ ਨੀ ਮਜਾਜਣੇ ਦੱਸ ਮੈਨੂੰ ਤੈਨੂੰ ਕਾਹਦਾ ਚਾਅ।

ਵੱਖਰੇ ਰੰਗਾਂਦੇ ਸੋਹਣੇ ਤੋੜ ਤੋੜ ਫੁੱਲ,
ਦੇਖੋ ਹਾਰ ਨੇ ਪਿਆਰ ਵਾਲੇ ਗੁੰਦਦੇ।
ਭੋਰਿਆਂ ਨੂੰ ਹੁੰਦਾ ਸਦਾ ਫੁੱਲਾਂ ਨਾ ਪਿਆਰ,
ਮੂੰਹ ਕਲੀਆਂ ਦੇ ਤਾਈਓਂ ਚੁੰਮਦੇ।
ਸਦੀਆਂ ਤੋਂ ਚੱਲੇ ਆਉਦੇ ਪਿਆਰ ਦੇ ਪੁਜਾਰੀ,
ਮੱਲੀ ਬੈਠੇ ਹਾਣੀਆਂ ਦੇ ਰਾਹ।
ਤੂੰ ਦੱਸ ਨੀ ਮਜਾਜਣੇ ਮੈਨੂੰ ਤੈਨੂੰ ਕਾਹਦਾ ਚਾਅ।

ਰੱਖਲੈ ਲੁਕਾਕੇ ਰੂਪ ਲੱਗ ਜਾਉ ਨਜ਼ਰ,
ਗੱਲ ਮੰਨ ਚੀਮੇ ਬੇਈਮਾਨ ਦੀ।
ਘਰ ਘਰ ਵਿਚ ਛਿੜ ਗਈ ਕਹਾਣੀ,
ਹੁੰਦੀ ਚਰਚਾ ਚੁਫ਼ੇਰੇ ਤੇਰੇ ਨਾਮ ਦੀ।
ਸਪਨੀ ਦੀ ਤੋਰ ਤੁਰੇ ਵੱਢੀਏ ਰਕਾਨੇ,
ਲੈ ਜਉ ਕੋਈ ਪਟਾਰੀ ਤੈਨੂੰ ਪਾ।
ਤੂੰ ਦੱਸ ਨੀ ਮਜਾਜਣੇ ਮੈਨੂੰ ਤੈਨੂੰ ਕਾਹਦਾ ਚਾਅ।

*

ਸੁੱਤੇ ਨਾਗ ਨਾ ਜਗਾ ਲਈ ਫੂਕਾਂ ਮਾਰਕੇ ਔਖਾ ਹੋਣਾਂ ਤੈਨੂੰ ਭੱਜਣਾਂ।
ਮਾਰ ਗਿਆ ਜੇ ਉਡਾਰੀ ਪੰਛੀ ਰੂਪ ਦਾ ਮੁੜਕੇ ਕਦੇ ਨਾ ਲੱਭਣਾ।

ਦਿਤੇ ਜੋਵਨ ਹੁਲਾਰੇ ਮੁਛਾਂ ਫੁੱਟੀਆਂ, ਜਵਾਨੀ ਵਿਚ ਪੈਰ ਧਰਿਆ।
ਘੁੱਟ ਘੁੱਟ ਬਦੀਆਂ ਨੂੰ ਗੱਲ ਲਾਇਆ, ਨੇਕੀਆਂ ਨੂੰ ਦੂਰ ਕਰਿਆ।
ਕਰਕੇ ਮੈਂ ਮੈਂ ਵਕਤ ਗੁਆਇਆ, ਤੈ ਮੈਂ ਵਿਚੋਂ ਕੀ ਕੱਢਣਾ।
ਸੁੱਤੇ ਨਾਗ ਜਾਂ ਜਗਾ ਲਈ ਫੂਕਾਂ ਮਾਰਕੇ ਔਖਾ ਹੋਣਾਂ ਤੈਨੂੰ ਭੱਜਣਾਂ।

ਪਾਣੀ ਉਤੇ ਹੈ ਬੁੱਲ ਬੁਲਾ ਤਰਦਾ ਤੂੰ ਜੇਹਦੇ ਉਤੇ ਮਾਣ ਕਰਦਾ।
ਬਾਤ ਮੁੰਕਣੀ ਨਾ ਤੈ ਮੁੱਕ ਜਾਣਾ ਜਿਹਦੇ ਤੂੰ ਹੁੰਘਾਰੇ ਭਰਦਾ।
ਨੇਕੀ ਬਦੀ ਦਾ ਤਰਾਜੂ ਜਦੋਂ ਤੁੱਕਦਾ ਉਹਨੇ ਨਾ ਤੋਲਾ ਮਾਸਾ ਛੱਡਣਾ।
ਸੁੱਤੇ ਨਾਗ ਨਾ ਜਗਾ ਲਈ ਫੂਕਾਂ ਮਾਰਕੇ ਔਖਾ ਹੋਣਾ ਤੈਨੂੰ ਭੱਜਣਾਂ।

ਰਹਿਣਾ ਫੁੱਲ ਨਾ ਹਮੇਸ਼ਾ ਇਹੋ ਖਿੜਿਆ, ਏਸ ਦੀ ਸੰਭਾਲ ਕਰ ਲਈ।
ਹੱਕ ਖਾ ਕੇ ਬਿਗਾਨਾ ਦੇਖੀ ਚੀਮਿਆ, ਝੋਲੀ ਨਾ ਪਾਪਾ ਨਾਲ ਭਰ ਲਈ।
ਜਿਹੜੀ ਦਲ ਦਲ ਵਿਚ ਜਾਵੇ ਧੱਸਦਾ, ਉਥੋਂ ਤੈਨੂੰ ਕੇਹਨੇ ਕੱਢਣਾ।
ਸੁੱਤੇ ਨਾਗ ਨਾ ਜਗਾ ਲਈ ਫੂਕਾਂ ਮਾਰਕੇ ਔਖਾ ਹੋਣਾ ਤੈਨੂੰ ਭੱਜਣਾਂ।

ਸੁੱਤੇ ਨਾਗ ਨਾ ਜਗਾ ਲਈ ਫੂਕਾਂ ਮਾਰਕੇ ਔਖਾ ਹੋਣਾ ਤੈਨੂੰ ਭੱਜਣਾਂ।
ਮਾਰ ਗਿਆ ਜੇ ਉਡਾਰੋਂ ਪੰਛੀ ਰੂਪ ਦਾ ਮੁੜਕੇ ਕਦੇ ਨਾ ਲੱਭਣਾ।

*

ਤੂੰ ਆਜਾ ਪ੍ਰਦੇਸੀਆ ਦੇਰਾਂ ਕਾਹਨੂੰ ਲਾਈਆਂ ਵੇ।
ਮੇਰਾ ਹਾਣੀ ਮੈਨੂੰ ਮੋੜ, ਕੀ ਮੈਂ ਕਰਨੀਆਂ ਕਮਾਈਆਂ ਵੇ।

ਉਹ ਘੁੱਟ ਗਲ ਲਾ ਲੈ ਆ, ਕੇ ਆਪਣੇ ਪਿਆਰ ਨੂੰ।
ਕਿਵੇਂ ਭੁੱਲ ਗਿਆ ਵਾਇਦੇ, ਚੰਨਾ ਕੀਤੇ ਇਕਰਾਰ ਤੂੰ।
ਵਿਚ ਤੇਰੇ ਮੈਂ ਵਿਛੋੜੇ ਰੋ ਰੋ, ਅੱਖੀਆਂ ਸੁਜਾਈਆਂ ਵੇ।
ਮੇਰਾ ਹਾਣੀ ਮੈਨੂੰ ਮੋੜ ਕੀ ਮੈਂ ਕਰਨੀਆਂ ਕਮਾਈਆਂ ਵੇ।

ਲਾਰਿਆਂ ਦੇ ਨਾਲ ਮੈਨੂੰ, ਜੀਣਾਂ ਕਦੇ ਆਇਆ ਨਾ।
ਹੋ ਗਈ ਕੀ ਖੁਨਾਮੀ, ਫੇਰਾ ਵਤਨੀ ਜੋ ਪਾਇਆ ਨਾ।
ਹੁਣ ਮੈਥੋਂ ਹੋਰ ਸਈਆਂ ਜਾਣ ਨਾ ਜੁਦਾਈਆਂ ਵੇ।
ਮੇਰਾ ਹਾਣੀ ਮੈਨੂੰ ਮੋੜ ਕੀ ਮੈਂ ਕਰਨੀਆਂ ਕਮਾਈਆਂ ਵੇ।

ਸੋਚਾਂ ਸੋਚ ਕੇ ਤੇਰੇ ਵਾਰੇ, ਮੇਰਾ ਦਿਲ ਘਬਰਾਇਆ ਵੇ।
ਕਿਤੇ ਸੁੱਕਨਾ ਇਹ ਜਾਵੇ, ਬੁੱਟਾ ਪਿਆਰ ਦਾ ਜੋ ਲਾਇਆ ਵੇ।
ਕੋਈ ਆਇਆ ਨਾ ਜਬਾਬ ਲੱਖ ਚਿੱਠੀਆਂ ਮੈਂ ਪਾਈਆਂ ਵੇ।
ਮੇਰਾ ਹਾਣੀ ਮੈਨੂੰ ਮੋੜ ਕੀ ਮੈਂ ਕਰਨੀਆਂ ਕਮਾਈਆਂ ਵੇ।

ਅੱਖਾਂ ਝੱਲਣਾਂ ਵਿਛੋੜਾ ਹੁੰਦਾ ਹਾਣੀ ਦਿਲਦਾਰ ਦਾ।
ਤੈਨੂੰ ਆਇਆ ਕਿਉਂ ਨਾ ਚੇਤਾ, ਚੀਮੇ ਆਪਣੇ ਪਿਆਰ ਦਾ।
ਅੱਜ ਹੋਈ ਫਿਰਾਂ ਝੱਲੀ ਦੇਵਾਂ ਮੈਂ ਦੁਹਾਈਆਂ ਵੇ।
ਮੇਰਾ ਹਾਣੀ ਮੈਨੂੰ ਮੋੜ ਕੀ ਮੈਂ ਕਰਨੀਆਂ ਕਮਾਈਆਂ ਵੇ।

*

ਮਾਂ ਵਰਗਾ ਨਾ ਕਿਤਿਉ ਲੱਭਣਾ, ਹੋਰ ਕੋਈ ਮਿੱਠੜਾ ਮੇਵਾ।
ਹਉਮੇ ਕਰਨੀ ਛੱਡਕੇ ਕਰ ਲੈ, ਤੂੰ ਕਰ ਸਕਦਾ ਜੇ ਸੇਵਾ।

ਘੁੱਟ ਗਲ ਛਾਤੀ ਲਾਕੇ ਰੱਖਦੀ, ਵਾ ਤੱਤੀ ਲੱਗਣ ਨਾ ਦੇਵੇ।
ਰੱਬ ਅੱਗੇ ਅਰਜੋਈਆਂ ਕਰਦੀ ਉਹ ਰਹਿੰਦੀ ਸ਼ਾਮ ਸਵੇਰੇ।
ਮਾਂ ਬੱਚਿਆਂ ਲਈ ਸਭ ਭੁਲ ਜਾਂਦੀ, ਨਾ ਦੇਖੇ ਧੁੱਪ ਹਨੇਰਾ।
ਮਾਂ ਵਰਗਾ ਨਾ ਕਿਤਿਉਂ ਲੱਭਣਾ ਹੋਰ ਕੋਈ ਮਿੱਠੜਾ ਮੇਵਾ।

ਦੁੱਖ ਬੱਚਿਆਂ ਨੂੰ ਪੋਹਣ ਨਾ ਦੇਵੇ, ਨਾ ਸੁੱਤਿਆਂ ਨੂੰ ਝੱਲੇ।
ਉਂਗਲੀ ਫੜ ਤੁਰਨਾ ਸਿਖਲਾਵੇ, ਛੱਡਦੀ ਕਦੇ ਨਾ ਸੁੰਨੇ ਕੱਲੇ।
ਢਿਡ ਵਿਚ ਮੁੱਕੀਆਂ ਦੇ ਜਰ ਲੈਂਦੀ ਹੋਵੇ ਪੁੱਤ ਪ੍ਰਦੇਸੀ ਜਿਹਦਾ।
ਮਾਂ ਵਰਗਾ ਨਾ ਕਿਤਿਉਂ ਲੱਭਣਾ ਹੋਰ ਕੋਰੀ ਮਿੱਠੜਾ ਮੇਵਾ।

ਧੀਆਂ ਪੁੱਤਰਾਂ ਖਾਤਰ ਝੱਲਦੀ, ਜੋ ਵੀ ਝੱਲਣਾ ਪੈਂਦਾ।
ਰੱਬ ਤੋਂ ਉਚਾ ਰੱਤਬਾ ਮਾਂ ਦਾ, ਸਾਰਾ ਆਲਮ ਕਹਿੰਦਾ।
ਧੀਰਜ ਧਰਤ ਸਮਾਨ ਹੈ ਮਾਂ ਦਾ, ਮਾਂ ਵਰਗਾ ਜਿਗਰਾ ਕੇਹਦਾ।
ਮਾਂ ਵਰਗਾ ਨਾ ਕਿਤਿਉਂ ਲੱਭਣਾਂ ਹੋਰ ਕੋਈ ਮਿੱਠੜਾ ਮੇਵਾ।

ਮਾਂ ਵਰਗਾ ਕਿਸੇ ਪਿਆਰ ਨਾ ਦੇਣਾ, ਇਹ ਮੁੱਲ ਨਾ ਕਿਤਿਉਂ ਮਿਲਦਾ।
ਮਾਂ ਮੱਮਤਾ ਇਕ ਮਾਣ ਦਾ ਬੁੱਟਾ, ਵਿਚ ਚੋਹਾਂ ਰੁੱਤਾਂ ਦੇ ਖਿਲਦਾ।
ਚੀਮਿਆ ਮਾਂ ਦੀ ਬੁੱਕਲ ਦੇ ਵਿਚ, ਸਵਰਗ ਪਿਆ ਹੈ ਤੇਰਾ।
ਮਾਂ ਵਰਗਾ ਨਾ ਕਿਤਿਉਂ ਲੱਭਣਾਂ ਹੋਰ ਕੋਈ ਮਿੱਠੜਾ ਮੇਵਾ।

*

ਧੀ ਭੁੱਲਦੀ ਨਾ ਧਰਮੀ ਬਾਬਲ ਨੂੰ, ਨਾ ਭੁੱਲਦੀਆਂ ਧੀਆਂ ਮਾਵਾਂ ਨੂੰ।
ਸਈਆਂ ਭੁਲਣ ਨਾ ਸਖੀ ਸਹੇਲੀਆਂ ਨੂੰ ਤੇ ਭੈਣਾਂ ਭੁਲਣ ਨਾ ਕਦੇ ਭਰਾਵਾਂ ਨੂੰ।

ਉਠ ਘੁੱਟ ਭਰ ਸਬਰਾਂ ਦੇ, ਇਹਨਾਂ ਹੰਝੂਆਂ ਦੀ ਲੜੀ ਪਰੋਲਾ।
ਕਿਉਂ ਲੁੱਕ ਲੁੱਕ ਰੋਨੀਏ ਨੀ ਮਾਏ ਮੇਰੇ ਸਾਹਮਣੇ ਬੈਠਕੇ ਰੋਲਾ।

ਲਾਕੇ ਘੁੱਟ ਗਲ ਛਾਤੀ ਨਾ, ਅੰਮੜੀਏ ਲਾਡ ਲਡਾਇਆ ਮੈਨੂੰ।
ਮੁੱਲ ਤੇਰੀ ਮਮਤਾ ਦਾ, ਨਾਂ ਕੋਈ ਮੋੜ ਸਕੀ ਮੈਂ ਤੈਨੂੰ।
ਵਰਿਆ ਦਾ ਜੰਮਿਆ ਜੋ, ਬ੍ਰਿਹਾ ਨਾਲ ਹੰਝੂਆਂ ਧੋਲਾ।
ਕਿਉਂ ਲੁੱਕ ਲੁੱਕ ਰੋਨੀਏ ਨੀ ਮਾਏ ਮੇਰੇ ਸਾਹਮਣੇ ਬੈਠ ਕੇ ਰੋਲਾ।

ਆਂਗਣ ਵਿਚ ਤੇਰੇ ਮੈਂ, ਖੇਡੇ ਗੁੱਡੀਆਂ ਅਤੇ ਪਟੋਲੇ।
ਜਿਉਂ ਜਿਉਂ ਉਮਰ ਵਧੇ ਮੇਰੀ, ਤਦ ਤਦ ਤੇਰਾ ਕਾਲਜਾ ਡੋਲੇ।
ਸਮੇਂ ਬਾਜ ਦੇ ਪੰਜਿਆਂ ਚੋਂ ਕੱਢਕੇ ਕੂੰਜ ਨੂੰ ਕਿਤੇ ਲਕੋਲਾ।
ਕਿਉਂ ਲੁੱਕ ਲੁੱਕ ਰੋਨੀਏ ਨੀ ਮਾਏ ਮੇਰੇ ਸਾਹਮਣੇ ਬੈਠਕੇ ਰੋਲਾ।

ਵੇਲਾ ਤੁਰਨ ਦਾ ਹੋਗਿਆ ਨੀ, ਮੈਂ ਦੂਰ ਕਿਤੇ ਤੁਰ ਜਾਣਾ।
ਕੁੜੀਆਂ ਤੇ ਚਿੜੀਆਂ ਦਾ, ਹੁੰਦਾ ਕਿਹੜਾ ਦੱਸ ਟਿਕਾਣਾ।
ਅੱਜ ਤੇਲ ਤੂੰ ਸ਼ਗਨਾਂ ਦਾ, ਅੰਮੀਏ ਆਪ ਬਰੁਹੀਂ ਚੋਲਾ।
ਕਿਉਂ ਲੁੱਕ ਲੁੱਕ ਰੋਨੀਏ ਨੀ ਮਾਏ ਮੇਰੇ ਸਾਹਮਣੇ ਬੈਠ ਕੇ ਰੋਲਾ।

ਘੇਰਾ ਪਾ ਲਿਆ ਸਖੀਆਂ ਨੇ, ਹੱਥੀਂ ਬੰਨ ਸ਼ਗਨਾਂ ਦੇ ਗਾਨੇ।
ਬਾਬਲ ਵੀਰ ਭੈਣਾਂ ਮੇਰੇ ਜੈਬਿਆ ਆਪਣੇ ਹੋਏ ਬਿਗਾਨੇ।
ਆਪਣੇ ਦਿਲ ਦੇ ਟੁੱਕੜੇ ਨੂੰ ਇਕ ਵਾਰ ਹੱਥਾਂ ਨਾਂ ਛੋਹ ਲਾ।
ਕਿਉਂ ਲੁੱਕ ਲੁੱਕ ਰੋਨੀਏ ਨੀ ਮਾਏ ਮੇਰੇ ਸਾਹਮਣੇ ਬੈਠ ਕੇ ਰੋਲਾ।
ਕਿਉਂ ਲੁੱਕ ਲੁੱਕ ਰੋਨੀਏ ਨੀ ਮਾਏ ਮੇਰੇ ਸਾਹਮਣੇ ਬੈਠ ਕੇ ਰੋਲਾ।

*

ਇੱਕ ਛੱਡਦੇ ਬਦੀਆਂ ਕਰਨੀਆਂ, ਸਿੱਖ ਪਿਆਰ ਵਧਾਉਣਾ ਤੂੰ।
ਦੂਜਾ ਦਿਲ 'ਚੋਂ ਮਾਣ ਤਿਆਗਦੇ ਜੋ ਕੋਈ ਰੁਤਬਾ ਪਾਉਣਾ ਤੂੰ।

ਨਿੱਕੀ ਨਿੱਕੀ ਗੱਲ ਤੇ ਐਵੇਂ, ਵਾਧੂ ਵੈਰ ਵਧਾਈਏ ਨਾ।
ਧੀਰਜ ਧਰਮ ਦਾ ਫੜੀਏ ਪੱਲਾ, ਦਿਲ ਨੂੰ ਕਦੇ ਡੁਲਾਈਏ ਨਾ।
ਜੇ ਫੇਰ ਵੀ ਸਮਝ ਨਾ ਲੱਗੇ, ਤਾਂ ਸਮਝਾਉਣੀ ਪੈਂਦੀ ਆ।
ਜੇ ਕੋਈ ਪਾਵੇ ਪਹਿਲਾਂ **21** ਤਾਂ **31** ਪਾਉਣੀ ਪੈਂਦੀ ਆ।

ਟੁੱਟੇ ਦਿਲ ਜੋੜਨੇ ਔਖੇ ਜਿਹੜੇ ਟੁੱਟ ਜਾਂਦੇ ਨੇ।
ਪੈਂਦੀ ਕੀਮਤ ਬੜੀ ਚਕਾਉਣੀ ਜਦ ਉਹ ਜੋੜੇ ਜਾਂਦੇ ਨੇ।
ਜਿਨੇ ਮੂੰਹ ਔਨੀਆ ਗੱਲਾਂ ਹਾਰੀ ਸਾਰੀ ਕਹਿੰਦੀ ਆ।
ਜੇ ਜੋਈ ਪਾਵੇ ਪਹਿਲਾ **21** ਤਾਂ **31** ਪਾਉਣੀ ਪੈਨਦੀ ਆ।

ਦੱਸੋ ਕੀ ਹੈ ਯਕੀਨ ਏਸ ਜ਼ਿੰਦਗੀ ਨਿਮਾਣੀ ਦਾ।
ਕਦੋਂ ਟੁੱਟ ਜਾਵੇ ਤਗ ਕੱਚੇ ਧਾਗਿਆਂ ਦੀ ਤਾਣੀ ਦਾ।
ਉਹ ਭੁੱਲਾਂ ਕੀਤੀਆਂ ਦੀ ਭੁੱਲ ਬਖਸ਼ਾਉਣੀ ਪੈਂਦੀ ਆ।
ਜੇ ਪਾਵੇ ਪਹਿਲਾਂ **21** ਤਾਂ **31** ਪਾਉਣੀ ਪੈਂਦੀ ਆ।

ਕੰਧਾਂ ਕੂੜ ਦੀਆਂ ਮਹਿਲ ਇਹ ਮਨਾਕੇ ਲੱਗਦੇ।
ਇਹਨੂੰ ਮਾਇਆ ਜਾਲ ਕਹਿੰਦੇ ਤਾਈਉਂ ਤੈਨੂੰ ਠੱਗਦੇ।
ਜਾਨ ਤਲੀ ਉਤੇ ਚੀਮਿਆ ਟਿਕਾਉਣੀ ਪੈਂਦੀ ਆ।
ਜੇ ਪਾਵੇ ਪਹਿਲਾਂ **21** ਤਾਂ **31** ਪਾਉਣੀ ਪੈਂਦੀ ਆ।

*

ਚੰਦ ਮੱਥੇ ਤੋਂ ਪੁਆ ਕੇ, ਪਾਇਆ ਨੱਕ ਵਿੱਚ ਕੋਕਾ।
ਕਿਦਾ ਦੱਸਾਂ ਤੈਨੂੰ ਨੀ ਏ ਕਿਨਾ ਸੱਜਦਾ।
ਮਾਰ ਅੱਡੀਆਂ ਜਾ ਧਰਤ ਹਿਲਾਵੇ ਆਗਿਆ ਭੁਚਾਲ ਲੱਗਦਾ।

ਤੈਨੂੰ ਦੇਖਣੇ ਲਈ ਸਾਰਾ ਹੀ ਸ਼ਰੀਕਾ,
ਢਾਣੀ ਬੰਨ ਕੱਠਾ ਹੋਗਿਆ।
ਰੰਗ ਨੱਚਦੀ ਦਾ ਤੇਰਾ ਨੀ ਬਦਾਮੀ,
ਲੱਗੇ ਕੁੜਤੀ ਚੋ ਚੋਗਿਆ।
ਪਾਈ ਅੱਖਾਂ ਵਿਚ ਸੁਰਮੇ ਦੀ ਧਾਰੀ,
ਉਹ ਬੱਦਲਾਂ ਦਾ ਰੂਪ ਲੱਗਦਾ।
ਮਾਰ ਅੱਡੀਆਂ ਜਾਂ ਧਰਤ ਹਿਲਾਵੇ ਆਗਿਆ ਭੁਚਾਲ ਲੱਗਦਾ।

ਅੱਜ ਨੈਣਾਂ ਦਿਆਂ ਤੀਰਾਂ ਕੋਲੋ ਤੇਰੇ,
ਦੱਸ ਕਿਹੜਾ ਜਾਉ ਬੱਚਕੇ।
ਪੈਦੇ ਲੱਕਦੇ ਹੁਲਾਰੇ ਦੇਖ ਤੇਰੇ,
ਹਾਣੀਆਂ ਦੇ ਦਿਲ ਨੱਚਦੇ।
ਪਾਉਂਦਾ ਹੁਸਨ ਦੁਹਾਈਆਂ ਤੇਰਾ ਜਾਵੇ,
ਨੀ ਜਾਵੇ ਸਾਰਿਆਂ ਨੂੰ ਠੱਗਦਾ।
ਮਾਰ ਅੱਡੀਆਂ ਜਾਂ ਧਰਤ ਹਿਲਾਵੇ ਆਗਿਆ ਭੁਚਾਲ ਲੱਗਦਾ।

ਪਹਿਲੇ ਤੋੜ ਦੀ ਸ਼ਰਾਬ ਜੇਹਾ ਨਖਰਾ,
ਉਡਾਉਂਦਾ ਜਾਵੇ ਹੋਸ਼ ਸੱਭਦੇ।
ਜਾ ਤੂੰ ਨਿਕਲੇ ਪਟੋਲਾ ਬਣਕੇ,
ਆਉਂਦੇ ਮੁੰਡੇ ਪੈੜ ਦੱਬ ਦੇ।
ਥੋੜਾ ਘੁਰਕੇ ਜਾਂ ਅੱਖੀਆਂ ਮਿਲਾਵੇ।
ਨਾ ਲੁਕਣੇ ਨੂੰ ਥਾਂ ਲੱਭਦਾ।
ਮਾਰ ਅੱਡੀਆਂ ਜਾਂ ਧਰਤ ਹਿਲਾਵੇ ਆ ਗਿਆ ਭੁਚਾਲ ਲੱਗਦਾ।

ਗੱਲਾਂ ਹੁੰਦੀਆਂ ਇਲਾਕੇ ਵਿਚ ਸਾਰੇ,
ਤੇਰੇ ਸੋਹਣੇ ਰੂਪ ਦੀਆਂ।
ਜਾਵੇਂ ਭਰਮਾਂ ਸਰੀਰ ਏਦਾਂ ਝੁੱਕਦਾ,
ਛਿਟੀਆਂ ਜਿਉਂ ਟੂਤ ਦੀਆਂ।
ਇਕ ਤੇਰੇ ਨੀ ਕਰਾਰਾਂ ਚੀਮਾਂ ਮਾਰਿਆ,
ਦੂਜਾ ਮਾਰੇ ਡਰ ਜੱਗ ਦਾ।
ਮਾਰ ਅੱਡੀਆਂ ਜਾਂ ਧਰਤ ਹਿਲਾਵੇ ਆਗਿਆ ਭੁਚਾਲ ਲੱਗਦਾ।

*

ਗੱਲ ਸੈਨਤਾਂ ਨਾਲ ਸਮਝਾ ਗਈ, ਲੈ ਗਈ ਸਾਰਿਆਂ ਨੂੰ ਲੁੱਟ ਕੇ।
ਪੈਂਦਾ ਝਾਂਜਰਾਂ ਦਾ ਸੁਣ ਛਣਕਾਟਾ, ਉਹ ਦੇਖਦੇ ਨੇ ਉਠ ਉਠਕੇ।

ਉਹ ਤੁਰੇ ਤੋਰ ਮਸਤਾਨੀ ਹੋ ਗਈ ਲੱਗਦੀ ਦੀਵਾਨੀ।
ਪੈਂਦਾ ਡੁੱਲ ਡੁੱਲ ਰੂਪ, ਉਤੋਂ ਚੜ ਦੀ ਜਵਾਨੀ।
ਯਾਰੋ ਪਾਕੇ ਪੰਜੇਬਾਂ ਜੱਟੀ ਪੈਰੀਂ, ਤੁਰਦੀ ਜਾ ਰੁਕ ਰੁਕਕੇ।
ਪੈਂਦਾ ਝਾਂਜਰਾਂ ਦਾ ਸੁਣ ਛਣਕਾਟਾ, ਉਹ ਦੇਖਦੇ ਨੇ ਉਠ ਉਠਕੇ।

ਪਾਕੇ ਗੋਰੀਆਂ ਬਾਹਵਾਂ 'ਚ, ਫਿਰੇ ਵੰਗਾਂ ਛਣਕਾਉਂਦੀ ਏ।
ਨਾਗਾਂ ਵਾਂਗੂੰ ਮੇਲਦੀ ਜਾਂ ਗਿੱਧੇ ਵਿਚ ਆਉਂਦੀ ਏ।
ਰਾਹੀ ਬਾਹਰਲੇ ਪਿੰਡਾਂ ਦੇ ਜੇਹੜੇ, ਲੰਗਦੇ ਨੇ ਪੁੱਛ ਪੁੱਛਕੇ।
ਪੈਂਦਾ ਝਾਂਜਰਾਂ ਦਾ ਸੁਣ ਛਣਕਾਟਾ, ਉਹ ਦੇਖਦੇ ਨੇ ਉਠ ਉਠਕੇ।

ਦਿੱਤਾ ਘੁੰਮਕੇ ਜਾ ਗੇੜਾ ਉਹਦੀ ਹੋ ਗਈ ਬੱਲੇ ਬੱਲੇ।
ਫਿਰੇ ਹਵਾ ਵਿਚ ਉਡੀ ਪੈਰ ਲੱਗਦੇ ਨਾ ਥੱਲੇ।
ਦੇਖੋ ਹਾਣੀਆਂ ਨੂੰ ਹਾਣੀ ਕਿਵੇਂ ਯਾਰੋ ਸਲਾਮਾਂ ਕਰੇ ਝੁੱਕ ਝੁੱਕ ਕੇ।
ਪੈਂਦਾ ਝਾਂਜਰਾਂ ਦਾ ਸੁਣ ਛਣਕਾਟਾ, ਉਹ ਦੇਖਦੇ ਨੇ ਉਠ ਉਠਕੇ।

ਉਹ ਗੱਲਾਂ ਗੱਲਾਂ ਵਿਚ ਜਾਵੇ ਸਭ ਨੂੰ ਹਰਾਈ।
ਚੀਮਿਆਂ ਵਾਲੇ ਦੀ ਉਹਨੇ ਸੁਰਤ ਭੁਲਾਈ।
ਉਹ ਕਦੇ ਹੱਸ ਹੱਸ ਬੈਠੇ ਕਦੇ ਰੁਸ ਰੁਸ ਕੇ।
ਪੈਂਦਾ ਝਾਂਜਰਾਂ ਦਾ ਸੁਣ ਛਣਕਾਟਾ, ਉਹ ਦੇਖਦੇ ਨੇ ਉਠ ਉਠਕੇ।

*

ਸੱਜਣਾਂ ਸੱਜਣ ਨਾ ਲੱਭਦੇ, ਦੇਖੀਂ ਲਈਂ ਨਾ ਕਿਤੇ ਗਵਾ।
ਉਹ ਕਦੇ ਨਾ ਪਾਉਂਦੇ ਮੰਜਲਾਂ ਛੱਡ ਜਾਣ ਜੋ ਰਾਹੀ ਰਾਹ।

ਸਾਨੂੰ ਬਖ਼ਸ਼ੀ ਪ੍ਰਵਰਦਗਾਰ ਨੇ, ਇਹ ਜ਼ਿੰਦਗੀ ਅਣਮੋਲ।
ਕਿੰਨਾਂ ਕਿਦਾਂ ਇਸ ਨੂੰ ਮਾਣਿਆ, ਤੇ ਕੀ ਬੱਚਿਆ ਹੈ ਕੋਲ।
ਸਾਨੂੰ ਮਾਰਿਆ ਸਾਡੇ ਐਵ ਨੇ, ਅਸੀਂ ਦਿਤਾ ਵਕਤ ਵਿਹਾਅ।
ਉਹ ਕਦੇ ਨਾ ਪਾਉਂਦੇ ਮੰਜਲਾਂ ਛੱਡ ਜਾਣ ਜੋ ਰਾਹੀ ਰਾਹ।

ਹਰ ਮਾਣਸ ਦੀ ਰੂਹ ਵਿਚ ਉਹਨੇ ਦਿਤੀ ਜੋਤ ਜਗਾ।
ਕਿਸੇ ਵਿਰਲੇ ਜਗਦੀ ਰੱਖ ਲਈ ਤੇ ਬਾਕੀਆਂ ਲਈ ਬੁਝਾ।
ਐਵੇਂ ਝੂਠੀ ਸੋਭਾ ਪਾਉਣ ਲਈ ਡੋਬੀ ਬੇੜੀ ਸਣੇ ਮਲਾਹ।
ਉਹ ਕਦੇ ਨਾ ਪਾਉਂਦੇ ਮੰਜਲਾਂ ਛੱਡ ਜਾਣ ਜੋ ਰਾਹੀ ਰਾਹ।

ਅਸੀਂ ਚੜਕੇ ਘੋੜੇ ਅਜਲਦੇ, ਸਿੱਖ ਲਿਆ ਕਰਜਾਂ ਪਾਪ।
ਪੈਂਦਾ ਫਲ ਕੀਤੀ ਦਾ ਭੁਗਤਣਾਂ, ਹੋਵੇ ਆਮ ਤੇ ਭਾਵੇਂ ਖਾਸ।
ਮੂੰਹ ਕੰਡਿਆਲੇ ਪਾਉਣ ਲਈ, ਅਸੀਂ ਦਿੱਤਾ ਜੋਰ ਲੱਗਾ।
ਉਹ ਕਦੇ ਨਾ ਪਾਉਂਦੇ ਮੰਜਲਾਂ ਛੱਡ ਜਾਣ ਹੋ ਰਾਹੀ ਰਾਹ।

ਕਿਉਂ ਲਾਹਕੇ ਚਾਦਰ ਸ਼ਰਮ ਦੀ, ਪੈਰਾਂ ਵਿਚ ਰੋਲੀ।
ਤੂੰ ਦੇ ਕੇ ਧੋਖਾ ਰੱਬ ਨੂੰ, ਅੱਡੀ ਫਿਰਦਾ ਝੋਲੀ।
ਦੱਸ ਕਰੀਏ ਯਕੀਨ ਕਿਵੇਂ ਚੀਮਿਆ ਸਮੇਂ ਦੀ ਪੁੱਠ ਵੱਗ ਗਈ ਹਵਾ।
ਉਹ ਕਦੇ ਨਾ ਪਾਉਂਦੇ ਮੰਜਲਾਂ ਛੱਡ ਜਾਣ ਜੋ ਰਾਹੀ ਰਾਹ।
ਉਹ ਕਦੇ ਨਾ ਪਾਉਂਦੇ ਮੰਜਲਾਂ ਛੱਡ ਜਾਣ ਜੋ ਰਾਹੀ ਰਾਹ।

*

ਮੇਰਾ ਯਾਰ ਜਿਗਰੀ ਸੀ ਜੇਹੜਾ, ਉਹ ਵੀ ਮੈਤੋਂ ਦੂਰ ਹੋ ਗਿਆ।
ਕੋਈ ਸਮਝ ਨਾ ਆਵੇ ਦੱਸੋ ਮੈਨੂੰ, ਮੈਥੋਂ ਕੀ ਕਸੂਰ ਹੋ ਗਿਆ।

ਉਹਦੀ ਕਰੀਏ ਕੀ ਗੱਲ ਨਈਉਂ ਹੁੰਦਾ ਝੱਲਾ ਝੱਲ।
ਕਦੇ ਮੁੜਕੇ ਨਾ ਆਉਣਾ ਯਾਰੋ ਕੱਲ ਵਾਲਾ ਕੱਲ।
ਉਹਦਾ ਗੁੱਸਾ ਵੀ ਸੀ ਠੀਕ ਕਰਦੇ ਵੀ ਕੀ ਬੱਸ ਘੂਰ ਹੋ ਗਿਆ।
ਮੇਰਾ ਯਾਰ ਜਿਗਰੀ ਸੀ ਜੇਹੜਾ ਉਹ ਵੀ ਮੈਤੋਂ ਦੂਰ ਹੋ ਗਿਆ।

ਸਮਾਂ ਕੱਠਿਆਂ ਬਿਤਾਇਆ ਖੇਡੇ ਰਲ ਮਿਲ ਹਾਣੀ।
ਉਹ ਯਾਦ ਬਚਪਨ ਵਾਲੀ ਆਉਂਦੀ ਅੱਜ ਵੀ ਕਹਾਣੀ।
ਜਿਹੜੀ ਗੱਲ ਦਾ ਭੁਲੇਖਾ ਲੱਗਾ ਮੈਨੂੰ ਉਹਨੂੰ ਵੀ ਜ਼ਰੂਰ ਹੋ ਗਿਆ।
ਮੇਰਾ ਯਾਰ ਜਿਗਰੀ ਸੀ ਜੇਹੜਾ ਉਹ ਵੀ ਮੈਤੋਂ ਦੂਰ ਹੋ ਗਿਆ।

ਹਲਕੇ ਯਾਰ ਜੁੰਡੀ ਦੇ ਸਾਰੇ ਪਾਉਂਦੇ ਰਹੇ ਧਮਾਲਾ ਸੀ।
ਨਾ ਸਮਝ ਕਿਸੇ ਨੂੰ ਆਈਆਂ ਜੋ ਜ਼ਿੰਦਗੀ ਦੀਆਂ ਚਾਲਾਂ ਸੀ।
ਜੀਣਾਂ ਹੋ ਗਿਆ ਮਹਾਨ ਬਿਨ ਉਹਦੇ ਦਿਲ ਚੁਰ ਚੁਰ ਹੋ ਗਿਆ।
ਮੇਰਾ ਯਾਰ ਜਿਗਰੀ ਸੀ ਜੇਹੜਾ ਉਹ ਵੀ ਮੈਤੋਂ ਦੂਰ ਹੋ ਗਿਆ।

ਗੱਲ ਨਿੱਕੀ ਨਿੱਕੀ ਉਤੇ ਉਹਦਾ ਰੁਸ ਰੁਸ ਬਹਿਣਾ।
ਬਿੱਟ ਬਿੱਟ ਝਾਕੀ ਜਾਣਾ ਮੂੰਹੋਂ ਕੁਝ ਵੀ ਨਾ ਕਹਿਣਾ।
ਜਿਹੜਾ ਪਿਆਰ ਦਾ ਜਖਮ ਚੀਮਾ ਦੇ ਗਿਆ ਪੱਕਕੇ ਨਸੂਰ ਹੋ ਗਿਆ।
ਮੇਰਾ ਯਾਰ ਜਿਗਰੀ ਸੀ ਜੇਹੜਾ ਉਹ ਵੀ ਮੈਤੋਂ ਦੂਰ ਹੋ ਗਿਆ।

*

ਕਰਕੇ ਮਾਣ ਫੋਕੀਆਂ ਸ਼ੋਹਰਤਾਂ ਦਾ, ਕਿਉਂ ਨਰਕ ਦੇ ਕੁੰਡ ਵਲ ਧਾਈ ਜਾਨਾਂ
ਜਿਹੜਾ ਕੱਟ ਚੁਰਾਸੀ ਦਾ ਗੇੜ ਸਕਦਾ, ਉਹ ਬੰਦਿਆਂ ਦਿਲ ਭੁਲਾਈ ਜਾਂਦਾ

ਟੋਲੀ ਘੁੰਮਦੀ ਫਿਰੂ ਦੁਆਲੇ, ਤੇਰੇ ਸਾਧਾਂ ਚੋਰਾਂ ਦੀ।
ਤੈਨੂੰ ਘਾਟ ਆਉਣ ਨਾ ਦੇਣੀ, ਇਹਨੀ ਚੁੱਗਲੀ ਖੋਰਾਂ ਦੀ।

ਮਨ ਮਸਤੀ ਵਿਚ ਰਹਿਣਾ ਦੇਖੀ ਭੁੱਲ ਜਾਣਾ ਤੈਨੂੰ।
ਕਰਨਾ ਗੱਲ ਗੱਲ ਤੇ ਰੋਸਾ ਕਿਵੇਂ ਮਨਾਵੇਗਾ ਕੇਹਨੂੰ।
ਤੂੰ ਆਪਣੀ ਫਸੀ ਨਬੇੜ ਲੈ ਗੱਲ ਛੱਡ ਕੇ ਹੋਰਾਂ ਦੀ।
ਤੈਨੂੰ ਘਾਟ ਆਉਣ ਨਾ ਦੇਣੀ ਇਹਨੀ ਚੁੱਗਲੀ ਖੋਰਾਂ ਦੀ।

ਇਹ ਬੈਠ ਦੁਆਲੁ ਤੇਰੇ, ਤੈਨੂੰ ਵੀ ਸਿਖਲਾਵਣਗੇ।
ਕਿੱਦਾਂ ਫੜਨਾ ਕਿਹੜਾ ਪੰਛੀ, ਦੇਖੀ ਸਭ ਸਮਝਾਵਣਗੇ।
ਇਹ ਤਾਂ ਝਪਟ ਬਾਜ ਨੂੰ ਲੈਦੇ, ਗੱਲ ਛੱਡ ਭੋਲੇ ਮੋਰਾਂ ਦੀ।
ਤੈਨੂੰ ਘਾਟ ਆਉਣ ਨਾ ਦੇਣੀ ਇਹਨੀ ਚੁੱਗਲੀ ਖੋਰਾਂ ਦੀ।

ਜਦ ਜਦ ਵੀ ਮਿਲਦਾ ਮੌਕਾ, ਇਹ ਤਾਂ ਮੰਗਦੇ ਰਹਿੰਦੇ ਨੇ।
ਬੈਠੇ ਲਾਕੇ ਸ਼ਰਮ ਦੀ ਲੋਈ, ਉਦਾ ਸੰਗਦੇ ਰਹਿੰਦੇ ਨੇ।
ਤੂੰ ਦੇਖੀ ਕਰ ਨਾ ਲਈ ਯਕੀਨ, ਹੈ ਦੁਨੀਆ ਮਤਲਬ ਖੋਰਾਂ ਦੀ।
ਤੈਨੂੰ ਘਾਟ ਆਉਣ ਨਾ ਦੇਣੀ ਇਹਨੀ ਚੁੱਗਲੀ ਖੋਰਾਂ ਦੀ।

ਇਹਨੂੰ ਦੁਨੀਆਂ ਦਾਰੀ ਕਹੀਏ, ਜਾਂ ਕਹੀਏ ਮਾਣ ਸ਼ੈਤਾਨਾਂ ਦਾ।
ਪਰ ਕੰਮ ਨਾ ਲੱਗਦਾ ਮੈਨੂੰ, ਇਹ ਧਰਤੀ ਇਨਸਾਨਾਂ ਦਾ।
ਔਖੀ ਸਮਝ ਚੀਮਿਆ ਆਉਂਦੀ, ਇਹ ਜ਼ਿੰਦਗੀ ਦੇ ਮੋੜਾਂ ਦਾ।
ਤੈਨੂੰ ਘਾਟ ਆਉਣ ਨਾ ਦੇਣੀ ਇਹਨੀ ਚੁੱਗਲੀ ਖੋਰਾਂ ਦੀ।

*

ਰਹਿਣੀ ਸਦਾ ਨਾ ਇਹ ਹੁਸਨ ਜਵਾਨੀ, ਸਾਂਭ ਸਾਂਭ ਰੱਖ ਸੱਜਣਾਂ।
ਬੇਈਮਾਨ ਭੋਰਿਆਂ ਤੋਂ ਰਹੀਂ ਬਚਕੇ, ਇਹ ਛੱਡਦੇ ਨਾ ਕੱਖ ਸੱਜਣਾਂ।

ਵਾਰ ਵਾਰ ਇਹਨਾਂ ਮੰਡਰਾਉਣਾ, ਬਹਾਰਾਂ ਦੇ ਅਨੰਦ ਮਾਨਣੇ।
ਬੜੀ ਦੂਰਤੋਂ ਇਹਨਾਂ ਨੂੰ ਆਵੇ, ਫੁੱਲਾਂ ਦੀ ਸੁਗੰਧ ਹਾਨਣੇ।
ਲੈਣਾ ਤਿਪ ਤਿਪ ਕਰਕੇ ਨਚੋੜ, ਇਹਨਾਂ ਨੇ ਸਾਰਾ ਰਸ ਸੱਜਣਾ।
ਬੇਈਮਾਨ ਭੋਰਿਆਂ ਤੋਂ ਰਹੀ ਬਚਕੇ ਇਹ ਛੱਡਦੇ ਨਾ ਕੱਖ ਸਜਣਾਂ।

ਏਸ ਚੰਦਰੀ ਪਿਆਰ ਦੀ ਬਿਮਾਰੀ ਹੋਲੀ ਹੋਲੀ ਰੰਗ ਫੜਨਾ।
ਤੈਨੂੰ ਆਪਣੇ ਵੀ ਲੱਗਣੇ ਪਰਾਏ ਜਾਂ ਇਸ਼ਕੇ ਦਾ ਤਾਪ ਚੜਨਾ।
ਵਿਚੋਂ ਵਿਚ ਧੁੱਖੀ ਜਾਣਾ ਨਾ ਹੀ ਦੱਸਣਾ ਕਿਸੇ ਦੇ ਤਾਂਈਂ ਕੱਖ ਸੱਜਣਾਂ।
ਬੇਈਮਾਨ ਭੋਰਿਆ ਤੋਂ ਰਹੀ ਬੱਚਕੇ ਇਹ ਛੱਡਦੇ ਨਾ ਕੱਖ ਸੱਜਣਾਂ।

ਫ਼ੈਸ਼ਨਾਂ ਦਾ ਆਗਿਆ ਜਮਾਨਾ ਕਿਸੇ ਦੇ ਨਾਲੋਂ ਕੌਣ ਘੱਟ ਨੀ।
ਛੱਡ ਭੰਗੜੇ ਧਮਾਲਾਂ ਗਿੱਧੇ ਪਾਉਣਾ ਡਿਸਕੋ ਦੇ ਪੈ ਗਏ ਬਸ ਨੀ।
ਬੋਲੇ ਇੰਗਲਿਸ਼ ਛੱਡਕੇ ਪੰਜਾਬੀ ਇਹ ਮੱਤ ਕੇਹਨੇ ਮਾਰੀ ਸੱਜਣਾਂ।
ਬੇਈਮਾਨ ਭੋਰਿਆਂ ਤੋਂ ਰਹੀ ਬੱਚਕੇ ਇਹ ਛੱਡਦੇ ਨਾ ਕੱਖ ਸੱਜਣਾਂ।

ਤੇਰੇ ਨੈਣਾਂ ਵਿਚ ਕਜਲੇ ਦੀ ਧਾਰੀ ਏਕਮ ਦਾ ਚੰਦ ਲੱਗਦੀ।
ਟੋਲੀ ਮੁੰਡਿਆਂ ਦੀ ਫਿਰਦੀ ਦੁਆਲੇ ਦਿਨੇ ਰਾਤੀਂ ਗੇੜੇ ਕੱਢਦੀ।
ਚੀਮਾਂ ਫਿਰੇ ਨਸ਼ਿਆ ਦੇਖ ਤੇਰੀ, ਨੱਲ ਵਾਲੀ ਨੱਥ ਸਾਜਣਾਂ।
ਬੇਈਮਾਨ ਭੋਰਿਆ ਤੋਂ ਰਹੀ ਬੱਚਕੇ ਇਹ ਛੱਡਦੇ ਨਾ ਕੱਖ ਸੱਜਣਾਂ।

*

ਜਿਉਂ ਪਾਣੀ ਵਿਚ ਪੈ ਕੇ ਮਿਸ਼ਰੀ ਪਲ ਪਲ ਜਾਵੇ ਖਰਦੀ।
ਉਹ ਐਸੇ ਪਿਆਰ ਦੀਆਂ ਲੋਕੀ ਵੀ ਸਿਫਤਾਂ ਕਰਦੀ।

ਦਿਲ ਵਿਚ ਲੱਖ ਤਮੰਨਾਂ ਲੈਕੇ, ਸੁਪਨੇ ਫਿਰੇ ਸਜਾਉਂਦੀ।
ਵਿਚ ਹਵਾ ਦੇ ਫਿਰਦੀ ਉਡੀ, ਧਰਤੀ ਪੈਰ ਨਾ ਲਾਉਂਦੀ।
ਉਹ ਬੈਠੀ ਕਰੇ ਉਡੀਕਾਂ, ਬੱਤੀ ਬਾਲ ਵਵੇਰੇ ਧਰਦੀ।
ਉਹ ਐਸੇ ਪਿਆਰ ਦੀਆਂ ਲੋਕੀ ਵੀ ਸਿਫਤਾਂ ਕਰਦੀ।

ਰੂਪ ਜੱਟੀ ਦਾ ਡੁੱਲ ਡੁੱਲ ਪੈਂਦਾ, ਲੋਂਗ ਮਾਰੇ ਲਿਸ਼ਕਾਰੇ।
ਸੀਨੇ ਦੇ ਵਿਚ ਪਿਆਰ ਛਲਕਦਾ, ਭਰਦੇ ਨੈਣ ਹੁੰਘਾਰੇ।
ਹਵਾ ਵਿਚ ਵਿਛਾਕੇ ਅੱਖੀਆਂ, ਆਣ ਬਰੁਹੀ ਖੜਦੀ।
ਉਹ ਐਸੇ ਪਿਆਰ ਦੀਆਂ ਲੋਕੀ ਵੀ ਸਿਫਤਾਂ ਕਰਦੀ।

ਦਿਲ ਵਿਚ ਰੱਖਕੇ ਤਾਂਘ ਸਜਣ ਦੀ, ਕਰਦੀ ਰਹੇ ਉਡੀਕਾਂ।
ਭੁੱਲ ਗਏ ਨੇ ਦਿਨ ਗਿਣਨੇ ਉਹਨੂੰ, ਭੁੱਲੀਆਂ ਸਭ ਤਰੀਕਾਂ।
ਸੱਜਣਾਂ ਯਾਦਾਂ ਰੋਜ਼ ਸਤਾਵਣ, ਕਿਝ ਦਸਾਂ ਕਿਝ ਜਰਦੀ।
ਐਸੇ ਪਿਆਰ ਦੀਆਂ ਲੋਕੀ ਵੀ ਸਿਫਤਾਂ ਕਰਦੀ।

ਮਿਰਗ ਬਲੋਰੀ ਅੱਖੀਆਂ ਉਹਦੇ, ਗਲ ਵਿਚ ਸਜਦੀ ਗਾਨੀ।
ਚੁੰਮ ਚੁੰਮਕੇ ਘੁੱਟ ਹਿਕ ਨੂੰ ਲੱਵੇ, ਦਿਤੀ ਹੋਈ ਨਿਸ਼ਾਨੀ।
ਚੀਮਿਆ ਅੱਜ ਹਣਸਾਂ ਦੀ ਜੋੜੀ, ਫਿਕੇ ਪਾਣੀ ਤੇ ਤਰਦੀ।
ਐਸੇ ਪਿਆਰ ਦੀਆਂ ਲੋਕੀ ਵੀ ਸਿਫਤਾਂ ਕਰਦੀ।
ਐਸੇ ਪਿਆਰ ਦੀਆਂ ਲੋਕੀ ਵੀ ਸਿਫਤਾਂ ਕਰਦੀ।

*

ਅਸੀਂ ਕੀਤੀਆਂ ਦੁਆਵਾਂ ਹੱਥ ਜੋੜ ਕੇ ਰੱਬ ਨੇ ਬਣਾਈਆਂ ਜੋੜੀਆਂ।
ਉਹਦੀ ਰਜਾ ਵਿਚ ਕਹਿਣਾ ਸਾਰੇ ਸਿਖੀਏ ਰਲਕੇ ਮਨਾਈਏ ਲੋੜੀਆਂ।

ਦੇਖ ਪੁੱਤਰਾਂ ਧੀਆਂ ਦਾ ਮੁੱਖ ਮਾਪੇ ਖਿੜ ਖਿੜ ਰਹਿਣ ਹੱਸਦੇ।
ਹੋਵੇ ਉਮਰ ਲਵੇਰੀ ਸਦਾ ਕਹਿੰਦੇ, ਜੁੱਗ ਜੁੱਗ ਰਹੋ ਵੱਸਦੇ।
ਅੱਜ ਮਹਿਕੇ ਪਿਆ ਚਾਰ ਚੁਫ਼ੇਰੇ ਹਵਾ 'ਚ ਸੁਗੰਧਾਂ ਘੋਲੀਆਂ।
ਅਸੀਂ ਕੀਤੀਆਂ ਦੁਆਵਾਂ ਹੱਥ ਜੋੜਕੇ ਰੱਬ ਨੇ ਬਣਾਈਆਂ ਜੋੜੀਆਂ।

ਚਾਚੇ ਚਾਚੀਆਂ ਨੇ ਸ਼ਗਨ ਮਨਾਉਂਦੇ ਭੂਆ ਤੇ ਫੁੱਫੜ ਰਲਕੇ।
ਮਾਮੇ ਮਾਮੀਆਂ ਵੀ ਕਹਿੰਦੇ ਆਵੋ ਨੱਚੀਏ, ਇਹ ਲੱਭਣੇ ਨਾ ਦਿਨ ਭਲਕੇ।
ਦਾਦਾ ਦਾਦੀ ਨਾਨਾ ਨਾਨੀ ਚੁੱਕ ਚੁੱਕ ਕੇ (ਛੋਟੇ) ਤਾਈ ਦੇਣ ਲੋਰੀਆਂ।
ਅਸੀਂ ਕੀਤੀਆਂ ਦੁਆਵਾਂ ਹੱਥ ਜੋੜਕੇ ਰੱਬ ਨੇ ਬਣਾਈਆਂ ਜੋੜੀਆਂ।

ਦੇਖੋ ਰਲ ਮਿਲ ਭੈਣਾਂ ਗੀਤ ਖੁਸ਼ੀ ਵਾਲੇ ਗਾਉਂਦੀਆਂ।
ਉਹ ਨੰਨੇ ਮੁੰਨੇ ਵੀਰਿਆਂ ਨੂੰ ਘੁੱਟ ਗਲ ਲਾਉਂਦੀਆਂ।
ਨੱਚ ਨੱਚ ਪਾਈ ਜਾਂਦੀਆਂ ਧਮਾਲਾਂ ਉਡਣ ਹਵਾ 'ਚ ਪਰਾਂਦੇ ਡੋਰੀਆਂ।
ਅਸੀਂ ਕੀਤੀਆਂ ਦੁਆਵਾਂ ਹੱਥ ਜੋੜਕੇ ਰੱਬ ਨੇ ਬਣਾਈਆਂ ਜੋੜੀਆਂ।

ਇਹ ਰੀਤ ਕਿਥੋਂ ਹੈ ਚੱਲੀ, ਸਾਰੇ ਪੁੱਛਦੇ ਰਹਿੰਦੇ ਨੇ।
ਉਦੋਂ ਬਾਤ ਦੁੱਲੇ ਦੀ ਪੈਂਦੀ ਜਾਂ ਧੁਣੀ ਕੋ ਬਹਿੰਦੇ ਨੇ।
ਚੀਮਿਆਂ ਰਸਮਾਂ ਕਿਵੇਂ ਭੁਲਾਈਏ ਜੋ ਵੱਡਿਆਂ ਨੇ ਤੋਰੀਆਂ।
ਅਸੀਂ ਕੀਤੀਆਂ ਦੁਆਵਾਂ ਹੱਥ ਜੋੜ ਕੇ ਰੱਬ ਨੇ ਬਣਾਈਆਂ ਜੋੜੀਆਂ।
ਉਹਦੀ ਰਜਾ ਵਿਚ ਰਹਿਣਾ ਸਾਰੇ ਸਿੱਖੀਏ ਰਲਕੇ ਮਨਾਈਏ ਲੋੜੀਆਂ।

*

ਉਹ ਕੱਲ ਨੂੰ ਦੱਸ ਕੀ ਕਰੇਗਾ ਜੇ ਤੂੰ ਕਰ ਨਾ ਸਕਿਆ ਅੱਜ।
ਐਵੇਂ ਫਿਰੇ ਬਹਾਨੇ ਢੂੰਡਦਾ ਤੇ ਰਹੇ ਸੋਚਦਾ ਪੱਜ।

ਸੋਚ ਸੋਚਕੇ ਸੋਚਾਂ ਪਹਿਲਾਂ ਮਗਜ਼ ਖਪਾਉਂਦੇ ਨੇ।
ਪਾਕੇ ਵਿਚ ਪਰਖ ਦੀ ਚੱਕੀ ਸ਼ਬਦੀ ਬਣਤ ਬਣਾਉਂਦੇ ਨੇ।
ਔਖਾਂ ਲੱਭਣਾਂ ਮੁੱਡ ਅਖੀਰ ਕੱਚੇ ਤੇਂਦ ਕਚੀਰਿਆ ਦਾ।
ਬਿਨ ਜੌਹਰੀ ਮੁੱਲ ਨਾ ਪੈਂਦਾ ਯਾਰੋ ਅਸਲੀ ਹੀਰਿਆਂ ਦਾ।

ਚੜਕੇ ਸੱਚ ਧਰਮ ਦੀ ਪੌੜੀ, ਝੰਡੇ ਗੱਡ ਸਚਿਆਈਆਂ ਦੇ।
ਕਾਹਨੂੰ ਕੁੜ ਕਮਾਉਂਦਾ ਫਿਰਦਾ, ਧੱਕੇ ਚੜ ਬੁਰਿਆਈਆਂ ਦੇ।
ਬਿਨ ਖਾਧਿਆਂ ਪਤਾ ਨਾ ਲੱਗੇ ਫਰਕ ਕੀ ਤੁਮੇਂ ਖੀਰਿਆਂ ਦਾ।
ਬਿਨ ਜੌਹਰੀ ਮੁੱਲ ਨਾ ਪੈਂਦਾ ਯਾਰੋ ਅਸਲੀ ਹੀਰਿਆਂ ਦਾ।

ਜਿਨਾਂ ਮਰਜੀ ਲੁੱਕਕੇ ਕੋਈ, ਬੰਦਾ ਭੈੜੇ ਕੰਮ ਕਰੇ।
ਹੋਵੇ ਅੱਖ ਪਾਰਖੂ ਜੇਹੜੀ, ਉਹ ਤਾਂ ਪਲ ਵਿਚ ਪਰਖ ਲਵੇ।
ਝੱਲਣਾਂ ਦਰਦ ਬੜਾ ਹੈ ਔਖਾ, ਅੱਲੇ ਜਖਮ ਚੀਰਿਆਂ ਦਾ।
ਬਿਨ ਜੌਹਰੀ ਮੁੱਲ ਨਾ ਪੈਂਦਾ ਯਾਰੋ ਅਸਲੀ ਹੀਰਿਆਂ ਦਾ।

ਤੈ ਆਪੇ ਹੀ ਛੱਡ ਜਾਣੇ, ਕਾਰ ਵਿਹਾਰ ਧੰਦੇ।
ਝੰਡੇ ਮੋਤ ਨੇ ਜਦੋਂ ਝੁਲਾਏ, ਤੇਰੇ ਦੁਆਰ ਬੰਦੇ।
ਚੀਮਿਆਂ ਕਰਕੇ ਰੱਖਣਾਂ ਕੱਠਾ, ਔਖਾ ਭੌਣ ਕੀੜਿਆਂ ਦਾ।
ਬਿਨ ਜੌਹਰੀ ਮੁੱਲ ਨਾ ਪੈਂਦਾ ਯਾਰੋ ਅਸਲੀ ਕਦੇ ਵੀ ਹੀਰਿਆਂ ਦਾ।
ਬਿਨ ਜੌਹਰੀ ਮੁੱਲ ਨਾ ਪੈਂਦਾ ਜੈਬਿਆ ਅਸਲੀ ਹੀਰਿਆਂ ਦਾ।

*

ਸਮਝ ਨਾ ਆਵੇ ਕੁਝ ਮੈਨੂੰ ਕੀ ਦਿਲ ਵਿਚ ਉਹਦੇ ਬੈਹ ਗਿਆ।
ਕਿਹੜੀ ਗੱਲ ਤੋਂ ਫਿਰੇ ਭੈੜਾ ਰੁੱਸਿਆ, ਪਿੰਡ ਵਿਚ ਰੌਲਾ ਪੈ ਗਿਆ।

ਖੇਡ ਖੇਡਣੀ ਉਹ ਔਖੀ, ਜਿਹੜੀ ਸਮਝ ਨਾ ਆਵੇ।
ਉਹ ਸੂਝਵਾਨ ਹੋਵੇ ਜਿਹੜਾ, ਖੇਡ ਹਰ ਖੇਡ ਜਾਵੇ।
ਜਿੱਤ ਕਦੇ ਨਾ ਪੱਲੇ ਉਹਦੇ ਪੈਂਦੀ, ਸੋਚਾਂ ਸੋਚਦਾ ਜੋ ਰਹਿ ਗਿਆ।
ਸਮਝ ਨਾ ਆਵੇ ਕੁਝ ਮੈਨੂੰ ਕੀ ਦਿਲ ਵਿਚ ਉਹਦੇ ਬੈਹ ਗਿਆ।

ਯਾਰੀ ਯਾਰਾਂ ਨੂੰ ਪਗਾਉਣੀ ਪੈਂਦੀ, ਯਾਰ ਯਾਰਾਂ ਪਿੱਛੇ ਮਰਦੇ।
ਮਾਣ ਯਾਰਾਂ ਦਾ ਕਦੇ ਨਾ ਜਿਹੜੇ ਰੱਖਦੇ, ਮਰ ਜਾਂਦੇ ਹਾਉਕੇ ਭਰਦੇ।
ਅਸੀਂ ਆਪਣਾ ਸਮਝ ਗੱਲ ਕੀਤੀ, ਉਹ ਪਤਾ ਨਈਉ ਕੀ ਕਹਿ ਗਿਆ।
ਸਮਝ ਨਾ ਆਵੇ ਕੁਝ ਮੈਨੂੰ ਕੀ ਦਿਲ ਵਿਚ ਉਹਦੇ ਬੈਹ ਗਿਆ।

ਲਾਈ ਲੁੱਗਨੂੰ ਕਿਹੜਾ ਸਮਝਾਵੇ, ਛਾਕ ਗੱਲ ਗੱਲ ਤੇ ਕਰੇ।
ਕਦੇ ਘੁੱਟ ਘੁੱਟ ਗੱਲ ਨਾਲ ਲਾਵੇ, ਤੇ ਕਦੇ ਧੱਕੇ ਮਾਰ ਕੇ ਪਰੇ।
ਪਾਕੇ ਬ੍ਰਿਹੋ ਦਾ ਪਰਾਗਾ ਪੱਲੇ ਮੇਰੇ, ਖੁਸ਼ੀਆਂ ਉਡਾਕੇ ਲੈ ਗਿਆ।
ਸਮਝ ਨਾ ਆਵੇ ਕੁਝ ਮੈਨੂੰ ਕੀ ਦਿਲ ਵਿਚ ਉਹਦੇ ਬਹਿ ਗਿਆ।

ਤੈਨੂੰ ਪਿਆਰ ਨਾਲ ਰਹੀ ਸਮਝਾਉਂਦੀ, ਦੱਸ ਕੀ ਖੁਨਾਮੀ ਕਰ ਲਈ।
ਗੱਲ ਕਦੇ ਨਾ ਵਿਚਾਰੀ ਜੈਬ ਚੀਮਿਆਂ, ਰੁੱਸਵੇ ਨਾ ਝੋਲੀ ਭਰ ਲਈ।
ਜੇਹਨੂੰ ਪਲਕਾਂ ਤੇ ਰੱਖਿਆ ਬਿਠਾਕੇ, ਉਹ ਅੱਜ ਮੇਰੇ ਮਨੋ ਲਹਿ ਗਿਆ।
ਸਮਝ ਨਾ ਆਵੇ ਕੁਝ ਮੈਨੂੰ ਕੀ ਦਿਲ ਵਿਚ ਉਹਦੇ ਬਹਿ ਗਿਆ।

*

ਸੋਭਾ ਜੱਗ ਤੇ ਉਹੀ ਪਾਉਂਦੇ, ਜਿਹੜੇ ਫਰਜ਼ੋਂ ਭੱਜਦੇ ਨਾ।
ਕਰਕੇ ਸੇਵਾ ਕਰਮ ਕਮਾਈਏ, ਸੱਜਣੋਂ ਮਾਪੇ ਲੱਭਣੇ ਨਾ।

ਮਾਂ ਪਿਉ ਦੇ ਸਿਰ ਤੇ ਲੁੱਟੀਆਂ, ਮੌਜ ਬਹਾਰਾਂ ਭੁੱਲੀਏ ਨਾ।
ਰੱਖਕੇ ਧੀਰਜ ਵਕਤ ਲੰਘਾਈਏ, ਵਾਂਗ ਹਨੇਰੀ ਝੁਲੀਏ ਨਾ।
ਫਲ ਪੱਕ ਧਰਤੀ ਤੇ ਡਿੱਗਣ, ਮੁੜਕੇ ਟਾਹਣੀ ਲੱਗਦੇ ਨਾ।
ਕਰਕੇ ਸੇਵਾ ਕਰਮ ਕਮਾਈਏ ਸੱਜਣੋਂ ਮਾਪੇ ਲੱਭਣੇ ਨਾ।

ਜਿਨ੍ਹਾਂ ਵੱਧ ਤੋਂ ਵੱਧ ਦੇ ਹੁੰਦਾ, ਦੇ ਦਿਉ ਮਾਣ ਬਜ਼ੁਰਗਾਂ ਨੂੰ।
ਖੱਟ ਲਉ ਨੇਕੀ ਦੀ ਖੱਟੀ, ਉਏ ਜਾਵੋਗੇ ਸਵਰਗਾਂ ਨੂੰ।
ਬੈਠਣ ਜਿਸ ਬੂਟੇ ਦੀ ਛਾਵੇਂ, ਉਹਦੀਆਂ ਜੜਾਂ ਨੂੰ ਵੱਡਦੇ ਨਾ।
ਕਰਕੇ ਸੇਵਾ ਕਰਮ ਕਮਾਈਏ ਸੱਜਣੋਂ ਮਾਪੇ ਲੱਭਦੇ ਨਾ।

ਕਰਕੇ ਯਾਦ ਹਮੇਸ਼ਾ ਰੋਣਾਂ, ਸਦਾ ਪੁਰਾਣੀਆਂ ਗੱਲਾਂ ਨੂੰ।
ਕਰਦੀ ਅੰਬਰ ਸੂਹਾ ਲਾਲ, ਅੱਗ ਜਾ ਲੱਗਦੀ ਝੱਲਾਂ ਨੂੰ।
ਸੜਕੇ ਮਰ ਜਾਂਦੇ ਪ੍ਰਵਾਨੇ, ਡਰਕੇ ਸ਼ਮਾ ਤੋਂ ਭੱਜਦੇ ਨਾ।
ਕਰਕੇ ਸੇਵਾ ਕਰਮ ਕਮਾਈਏ ਸੱਜਣੋਂ ਮਾਪੇ ਲੱਭਦੇ ਨਾ।

ਹਮੇਸ਼ਾ ਨਾਲ ਪੈਸੇ ਦੀ ਮਿਣਤੀ, ਬੰਦਾ ਮਿਣਦਾ ਬੰਦੇ ਨੂੰ।
ਪਰ ਕਦੇ ਨਾ ਕਿਸੇ ਵਿਚਾਰਿਆ, ਉਹਦੇ ਗੋਰਖ ਧੰਦੇ ਨੂੰ।
ਚੀਮਿਆਂ ਹੱਸਕੇ ਵਕਤ ਲੰਘਾਈਏ, ਦੁਖ ਤਾਂ ਖਹਿੜਾ ਛੱਡਦੇ ਨਾ।
ਕਰਕੇ ਸੇਵਾ ਕਰਮ ਕਮਾਈਏ ਸੱਜਣੋਂ ਮਾਪੇ ਲੱਭਦੇ ਨਾ।

*

ਉਠ ਕੇ ਦੇਖਾਂ ਚਾਰ ਚੁਫੇਰੇ, ਸੁਫਨਾ ਆਇਆ ਹਾਣੀ ਦਾ।
ਧੱਕ ਧੱਕ ਕਰਕੇ ਧੜਕਿਆ ਸੀਨਾ ਮੇਰਾ ਮੈਂ ਮਰਜਾਣੀ ਦਾ।

ਆਉਂਦਾ ਰਹੇ ਖਿਆਲ ਸਦਾ, ਵਿਛੜੇ ਦਿਲਦਾਰ ਦਾ।
ਕੀਕਣ ਭੁੱਲ ਜਾਂ ਚੇਤਾ, ਕੀਤੇ ਕੋਲ ਕਰਾਰ ਦਾ।
ਭਰ ਭਰ ਨੀਰ ਨੈਣਾਂ ਚੋਂ ਜਾਵੇ, ਵਗਦਾ ਹੜ ਜਿਉਂ ਪਾਣੀ ਦਾ।
ਧੱਕ ਧੱਕ ਕਰਕੇ ਧੜਕਿਆ ਸੀਨਾ ਮੇਰਾ ਮੈਂ ਮਰਜਾਣੀ ਦਾ।

ਮੇਰੀ ਚਾੜਕੇ ਪੀਂਘ ਹੁਲਾਰੇ, ਕਿਉਂ ਅੱਧਵਾਟੇ ਛੱਡਿਆ ਵੇ।
ਦੱਸ ਕਿਸਨੂੰ ਦਰਦ ਸੁਣਾਵਾਂ, ਪਿਆ ਸੀਨੇ ਵਿਚ ਦੱਬਿਆ ਵੇ।
ਏਥੇ ਕੋਈ ਨਾ ਦਰਦੀ ਦਿਸਦਾ, ਮੇਰਾ ਦਰਦ ਰਜਾਣੀ ਦਾ।
ਧੱਕ ਧੱਕ ਕਰਕੇ ਧੜਕਿਆ ਸੀਨਾ ਮੇਰਾ ਮੈਂ ਮਰਜਾਣੀ ਦਾ।

ਜਦ ਹਾਣੀ ਤੋਂ ਹਾਣੀ, ਕਿਧਰੇ ਵਿਛੜ ਜਾਂਦੇ ਨੇ।
ਫਿਰਦੇ ਕੁੰਜ ਵਾਂਗ ਕਰਲਾਉਂਦੇ, ਨਾ ਉਹ ਦੇਖੇ ਜਾਂਦੇ ਨੇ।
ਚੇਤਾ ਵਾਰ ਵਾਰ ਹੈ ਆਉਂਦਾ, ਬੀਤੀ ਹੋਈ ਕਹਾਣੀ ਦਾ।
ਧੱਕ ਧੱਕ ਕਰਕੇ ਧੜਕਿਆ ਸੀਨਾ ਮੇਰਾ ਮੈਂ ਮਰਜਾਣੀ ਦਾ।

ਆਪਾ ਬੈਠ ਜੈਬਿਆ ਕੱਠੇ, ਰਲਕੇ ਬਾਤਾਂ ਪਾਉਂਦੇ ਸੀ।
ਕਰਕੇ ਨਾ ਵਿਛੜਨ ਦੇ ਵਾਅਦੇ, ਕਿਦਾ ਸਵਰਗ ਵਸਾਉਂਦੇ ਸੀ।
ਯਾਦਾਂ ਵਕਤ ਰੋੜ ਲੈ ਜਾਵੇ, ਨਾ ਕੋਈ ਜੋਰ ਪਰਾਣੀ ਦਾ।
ਧੱਕ ਧੱਕ ਕਰਕੇ ਧੜਕਿਆ ਸੀਨਾ ਮੇਰਾ ਮੈਂ ਮਰਜਾਣੀ ਦਾ।

*

ਹੋਵੇ ਗੁੜ ਦਿੱਤਿਆਂ ਜੇ ਮਰਦਾ, ਜ਼ਹਿਰ ਦੇ ਕੇ ਕਾਹਨੂੰ ਮਾਰੀਏ।
ਪੱਲਾ ਚੱਕਕੇ ਦਿਖਾਦੇ ਕੇਰਾ ਮੁੱਖੜਾ, ਹੁਸਨਾਂ ਦੀ ਪੰਡ ਵਾਲੀਏ।

ਵਾਲਾ ਕੱਕਿਆਂ ਦੇ ਵਿੱਚ, ਗੁੰਦੀ ਫਿਰੇ ਲਾਲ ਫੁੱਲ ਨੀ।
ਹੋਰ ਲਗਦਾ ਕੋਈ ਨਾ ਮੈਨੂੰ, ਹੋਵੇ ਜੇਹੜਾ ਤੇਰੇ ਤੁਲ ਨੀ।
ਜਾਵੇ ਝੁੱਕ ਝੁੱਕ ਧਰਤੀ ਨਾ ਲੱਗਦੀ, ਨਿਰੀ ਚੰਬੇ ਦੀਏ ਡਾਲੀਏ।
ਪੱਲਾ ਚੱਕਕੇ ਦਿਖਾਦੇ ਕੇਰਾ ਮੁੱਖੜਾ ਹੁਸਨਾਂ ਦੀ ਪੰਡ ਵਾਲੀਏ।

ਵਾਂਗੂੰ ਸਪਨੀ ਮੇਲਦੀ ਜਾਵੇ, ਤੂੰ ਆਵੇ ਜਦੋਂ ਬਣ ਠਣਕੇ।
ਤੇਰੇ ਲੱਕ ਦੇ ਹੁਲਾਰੇ ਬੈਠੇ ਗਿਣਦੇ, ਤੂੰ ਤੁਰੇ ਜਾਂ ਵਰੋਲਾ ਬਣਕੇ।
ਕਦੋਂ ਆਉਗੀ ਬਹਾਰ ਸਾਡੇ ਵੇਹੜੇ, ਦੱਸਨਾ ਨੀ ਟੁਣੇ ਹਾਰੀਏ।
ਪੱਲਾ ਚੱਕਕੇ ਦਿਖਾਦੇ ਕੇਰਾਂ ਮੁੱਖੜਾ ਹੁਸਨਾਂ ਦੀ ਪੰਡ ਵਾਲੀਏ।

ਤੇਰੇ ਮੂੰਹ ਤੇ ਸ਼ਰਮ ਦੀ ਲਾਲੀ, ਕਿਵੇਂ ਦਗ ਦਗ ਨੀ ਕਰੇ।
ਪੈਂਦੀ ਧਮਕ ਚੁਬਾਰੇ ਤਕ ਜਾਂਦੀ ਜਾਂ ਭੱਜ ਭੱਜ ਪੌੜੀਆਂ ਚੜੇ।
ਆਪਾਂ ਚੰਦ ਨੂੰ ਹੈ ਅਰਗ ਚੜਾਉਣਾ, ਰੁਕ ਜਾ ਨੀ ਬਹੁਤੀ ਕਾਹਲੀਏ।
ਪੱਲਾ ਚੱਕਕੇ ਦਿਖਾਦੇ ਕੇਰਾਂ ਮੁੱਖੜਾ ਹੁਸਨਾਂ ਦੀ ਪੰਡ ਵਾਲੀਏ।

*

ਉਹ ਰਾਖੀ ਕਰਨੀ ਬਾਗ ਦੀ ਭੁੱਲ ਬੈਠੇ ਮਾਲੀ।
ਤਾਈਉਂ ਰੂਹ ਮੇਰੇ ਪੰਜਾਬ ਦੀ, ਨਸ਼ਿਆਂ ਨੇ ਖਾ ਲਈ।

ਜਿੱਥੇ ਸ਼ੇਰਾਂ ਵਰਗੇ ਸੂਰਮੇ, ਮਾਰਨ ਲਲਕਾਰੇ।
ਤੇ ਚੰਮਕਣ ਵਾਂਗੂੰ ਬਿਜਲੀਆਂ, ਖੰਡੇ ਦੋ ਧਾਰੇ।
ਅੱਜ ਫਿਰ ਕੋਈ ਲੁੱਟਣ ਆ ਗਿਆ, ਬਣ ਕੇ ਅਬਦਾਲੀ।
ਤਾਈਉਂ ਰੂਹ ਮੇਰੇ ਪੰਜਾਬ ਦੀ, ਨਸ਼ਿਆਂ ਨੇ ਖਾ ਲਈ।

ਮਾਈ ਭੱਗੋ ਝਾਂਸੀ ਵਰਗੀਆਂ, ਸੀ ਅਣਖੀ ਮੁਟਿਆਰਾਂ।
ਜਿਨ੍ਹਾਂ ਵੈਰੀ ਨੂੰ ਵੰਗਾਰਿਆ, ਮਿਆਨੋ ਧੂ ਤਲਵਾਰਾਂ।
ਅੱਜ ਕੌਣ ਕਰੂ ਬਿਨ ਉਹਨਾਂ ਦੇ, ਆਕੇ ਸਾਡੀ ਰਖਵਾਲੀ।
ਤਾਈਉਂ ਰੂਹ ਮੇਰੇ ਪੰਜਾਬ ਦੀ, ਨਸ਼ਿਆਂ ਨੇ ਖਾ ਲਈ।

ਕਰਕੇ ਕਿਲਾ ਫਤੇ ਜਮਰੌਦ ਦਾ, ਸਿੰਘਾਂ ਨੇ ਦਹਿਲ ਫੈਲਾਇਆ।
ਅੱਜ ਵੀ ਬੱਚੇ ਡਰਾਉਣ ਪਠਾਣੀਆਂ, ਕਹਿਕੇ ਨਲਵਾ ਆਇਆ।
ਪਰ ਸਾਡੇ ਅੱਜ ਦੇ ਆਗੂਆਂ ਨੇ, ਗੱਲ ਗੁਆ ਲਈ।
ਤਾਈਉਂ ਰੂਹ ਮੇਰੇ ਪੰਜਾਬ ਦੀ, ਨਸ਼ਿਆਂ ਨੇ ਖਾ ਲਈ

ਏਥੈ ਕੋਈ ਨਾ ਦਰਦ ਵਡਾਉਣ ਨੂੰ, ਦੁੱਖ ਦੱਸੀਏ ਕੇਹਨੂੰ।
ਜਾਂਦੇ ਕੌਮ ਤੇ ਵਿਰਸਾ ਗਰਕਦੇ, ਨਾ ਕੋਈ ਦਰਦ ਕਿਸੇ ਨੂੰ।
ਚੀਮਿਆਂ ਗਏ ਸੀ ਲੈਣ ਆਜ਼ਾਦੀਆਂ,ਗਲ ਗੁਲਾਮੀ ਪਾ ਲਈ।
ਤਾਈਉਂ ਰੂਹ ਮੇਰੇ ਪੰਜਾਬ ਦੀ, ਨਸ਼ਿਆਂ ਨੇ ਖਾ ਲਈ

*

ਵਕਤ ਦੀਆਂ ਸਭ ਖੇਡਾਂ ਸੱਜਣਾ, ਰੋਕਿਆਂ ਕਦੇ ਨਾ ਰੁਕਦਾ।
ਵਕਤ ਸਦਾ ਕਰਦਾ ਮਨ ਮਾਨੀ ਨਾ ਬਾਤ ਕਿਸੇ ਦੀ ਪੁੱਛਦਾ।

ਧੀਰਜ ਧਰਮ ਦਾ ਪੱਲਾ ਫੜਲੈ, ਭਵ ਸਾਗਰ ਜੇ ਤਰਨਾਂ ਤੂੰ।
ਛੱਡ ਬੁਰਿਆਈਆਂ ਕਰ ਚੰਗਿਆਈਆਂ, ਜੀਵਨ ਸਫਲ ਜੇ ਕਰਨਾ ਤੂੰ।

ਮੋਹ ਮੰਮਤਾ ਦਾ ਜਾਲ ਹੈ ਵਿਸ਼ਿਆ,
ਕੱਟ ਲੈ ਜੇ ਕੱਟ ਸਕਦਾ ਏ।
ਗੇੜ ਚੁਰਾਸੀ ਵਾਲੇ ਕੋਲੋ
ਬਚ ਲੈ ਜੇ ਬਚ ਸਕਦਾ ਏ।
ਏਥੇ ਜੋ ਤੂੰ ਚੁੱਕ ਲਿਜਾਣਾਂ।
ਦੱਸ ਕਿਥੇ ਜਾ ਧਰਨਾ ਤੂੰ।
ਛੱਡ ਬੁਰਿਆਈਆਂ ਕਰ ਚੰਗਿਆਈਆਂ ਜੀਵਨ ਸਫਲ ਜੇ ਕਰਨਾ ਤੂੰ।

ਮੈਂ ਮੈਂ ਕਰਕੇ ਵਕਤ ਬਿਤਾਇਆ,
ਕਿਸੇ ਅਰਥ ਵੀ ਆਉਣਾ ਨਾ।
ਦੇਖੀ ਨਾ ਤੂੰ ਦਿਲੋਂ ਭੁਲਾ ਲਈ,
ਫੇਰ ਪਵੇ ਪਛਤਾਉਣਾ ਨਾ।
ਬਿਨ ਬੱਦਲਾਂ ਦੇ ਜਲ ਥਲ ਕਰਦਾ,
ਜਦ ਚਾਹਵੇ ਉਹ ਵਰਨੇ ਨੂੰ।
ਛੱਡ ਬੁਰਿਆਈਆਂ ਕਰ ਚੰਗਿਆਈਆਂ ਜੀਵਨ ਸਫਲ ਜੇ ਕਰਨਾ ਤੂੰ।

ਕਿਉਂ ਤੂੰ ਮਾਣ ਮੂਰਖਾਂ ਕਰਦਾ,
ਏਸ ਬੁੱਲ ਬੁੱਲੇ ਪਾਣੀ ਦਾ।
ਕਿਉਂ ਵੱਡ ਵੱਡਕੇ ਖਾਵੇ ਤੈਨੂੰ।
ਝੋਰਾ ਜਿੰਦ ਨਿਮਾਣੀ ਦਾ।
ਮਾਲਕ ਖੇਡੇ ਖੇਡ ਨਿਗਲੀ,

ਜਿੱਤਕੇ ਵੀ ਹੈ ਹਰਨਾਂ ਤੂੰ।
ਛੱਡ ਬੁਰਿਆਈਆਂ ਕਰ ਚੰਗਿਆਈਆਂ ਜੀਵਨ ਸਫਲ ਜੇ ਕਰਨਾ ਤੂੰ।

ਲੱਖਾਂ ਪੀਰ ਫਕੀਰ ਔਲੀਏ,
ਹੋ ਹੋ ਤੁਰ ਅਵਤਾਰ ਗਏ।
ਨਾ ਕੋਈ ਜਿੱਤਿਆ ਮੋਤ ਬਲੀ ਨੂੰ,
ਸਾਰੇ ਇਸ ਤੋਂ ਹਾਰ ਗਏ।
ਤੂੰ ਵੀ ਰਹੀ ਤਿਆਰ ਚੀਮਿਆ,
ਏਹਦੇ ਹੱਥੋਂ ਮਰਨੇ ਨੂੰ।
ਛੱਡ ਬੁਰਿਆਈਆਂ ਕਰ ਚੰਗਿਆਈਆਂ ਜੀਵਨ ਸਫਲ ਜੇ ਕਰਨਾ ਤੂੰ।

*

ਲੁੱਟ ਲੈ ਲੁੱਟ ਲੈ ਲੁੱਟ ਲੈ, ਹੁਣ ਜੋ ਚਾਹਵੇ ਲੁੱਟ ਸਕਦੇ।
ਲੁੱਟ ਜੇ ਰਾਮ ਜਾਮ ਦੀ ਲੁੱਟੇ ਜਿੰਨੀ ਮਰਜ਼ੀ ਲੁੱਟ ਸਕਦੇ।

ਮਾਣਸ ਜਨਮ 'ਚ ਪਾਉਣ ਤੋਂ ਪਹਿਲਾਂ,
ਉਹਨੇ ਕੁਝ ਨਾ ਦੱਸਿਆ ਸੀ।
ਉਥੇ ਕੌਣ ਸੀ ਤੇਰਾ ਵਾਰਸ,
ਜਿਹਨੇ ਸਾਂਭ ਕੇ ਰੱਖਿਆ ਸੀ।
ਜੇ ਤੂੰ ਪੁੱਛਣਾਂ ਚਾਹੇ ਨਿਦਾਨਾਂ,
ਉਹਦੇ ਤੋਂ ਪੁੱਛ ਸਕਦਾ।
ਲੁੱਟ ਜੇ ਰਾਮ ਨਾਮ ਦੀ ਲੁੱਟੇ ਜਿੰਨੀ ਮਰਜੀ ਲੁੱਟ ਸਕਦੇ।

ਏਥੇ ਹੈ ਜਿਹੜਾ ਵੀ ਆਇਆ,
ਮੈਂ ਹੀ ਮੈਂ ਹਾਂ ਕਹਿੰਦਾ ਏ।
ਬੈਠਾ ਬਾਲ ਤਮਾਂ ਦੀ ਭੱਠੀ,
ਖੁਦ ਵਿਚ ਸੜਦਾ ਰਹਿੰਦਾ ਏ।
ਲਾ ਕੋਈ ਸੱਚ ਦਾ ਐਸਾ ਬੁੱਟਾ,
ਝੂਠ ਜੜਾਂ ਤੋਂ ਪੁੱਟ ਸਕਦੈ।
ਲੁੱਟ ਜੇ ਰਾਮ ਨਾਮ ਦੀ ਲੁੱਟੇ ਜਿਨੀ ਮਰਜੀ ਲੁੱਟ ਸਕਦੈ।

ਹਰ ਕੋਈ ਸੋਚਾਂ ਸੋਚਦਾ ਫਿਰਦਾ,
ਕਿਹੜੀ ਜੁਗਤ ਬਣਾ ਲਈਏ।
ਕਿਦਾਂ ਕਰੀਏ ਕਿਸੇ ਨੂੰ ਹੀਣਾਂ,
ਉਤੇ ਕਾਠੀ ਪਾ ਲਈਏ।
ਤੂੰ ਕਰਕੇ ਜ਼ੋਰ ਧਿਆਂਣੇ,
ਜਿਹਨੂੰ ਮਰਜੀ ਕੁੱਟ ਸਕਦੈ।
ਲੁੱਟ ਜੇ ਰਾਮ ਨਾਮ ਦੀ ਲੁੱਟੇ ਜਿਨੀ ਮਰਜੀ ਲੁੱਟ ਸਕਦੈ।

ਖਾਲੀ ਹੱਥ ਦੁਨੀਆਂ ਤੋਂ ਤੋਰਿਆ,
ਲਾਲਚੀ ਕਾਰੂ ਵਰਗਿਆਂ ਨੂੰ।
ਬੰਨਿਆਂ ਕਾਲ ਜਿੰਨਾਂ ਨੇ ਪਾਵੇ,
ਮਾਰਿਆ ਰਾਵਣ ਵਰਗਿਆਂ ਨੂੰ।
ਚੀਮਿਆਂ ਮੌਤ ਕੁੱਕਦੀ ਫਿਰਦੀ,
ਲੁੱਕ ਲੈ ਜੇ ਤੂੰ ਲੁੱਕ ਸਕਦੈ।
ਲੁੱਟ ਜੇ ਰਾਮ ਨਾਮ ਦੀ ਲੁੱਟੇ ਜਿਨੀ ਮਰਜੀ ਲੁੱਟ ਸਕਦੈ।

*

ਦੱਸੋ ਕਰੀਏ ਯਕੀਨ ਕਿਹਦੀ ਗੱਲ ਦਾ, ਧੋਖਾ ਪੈਰ ਪੈਰ ਦੇ ਉਤੇ।
ਜੇਹਨੂੰ ਆਪਣਾ ਸਮਝ ਗੱਲ ਲਾਈਏ ਉਹੀ ਬੋਲ ਬੋਲਦਾ ਰੁੱਖੇ।

ਤੂੰ ਮਨਾਂ ਛੱਡ ਖਹਿੜਾ,
ਉਹ ਪੁੱਛਣ ਪੁਛਾਉਣ ਦਾ।
ਅੱਜ ਸਮਾਂ ਨਈਉਂ,
ਕਿਸੇ ਨੂੰ ਵਿਰਾਉਣ ਦਾ।
ਗੱਲ ਗੱਲ ਤੇ ਲੜਾਈ ਗਲ ਪੈਂਦੀ,
ਕਦੇ ਵੀ ਮੁਕਾਇਆ ਨਾ ਮੁੱਕੇ।
ਦੱਸੋ ਕਰੀਏ ਯਕੀਨ ਕੇਹਦੀ ਗੱਲਦਾ ਧੋਖਾ ਪੈਰ ਪੈਰ ਦੇ ਉਤੇ।

ਤਾਣੀ ਉਲਜੀ ਪਈਏ ਸਾਰੀ,
ਤੰਦ ਹੋਵੇ ਠੀਕ ਕਰੀਏ।
ਲੋਈ ਸ਼ਰਮ ਦੀ ਲਾਕੇ ਜਿਥੇ ਨੱਚਦੇ,
ਉਥੇ ਦੱਸੋਂ ਕੇਹਨੂੰ ਫੜੀਏ।
ਉਹ ਨਾ ਤਾਈ ਸਮਝਾਉਣਾ ਬੜਾ ਔਖਾ,
ਜੇਹਨੀ ਪੈਰ ਚੱਕ ਲਏ ਪੁੱਠੇ।
ਦੱਸੋ ਕਰੀਏ ਯਕੀਨ ਕੇਹਦੀ ਗੱਲ ਦਾ ਧੋਖਾ ਪੈਰ ਪੈਰ ਦੇ ਉਤੇ।

ਉਹ ਯਾਰ ਯਾਰਾਂ ਤਾਈ,
ਫਿਰਦੇ ਦਬਾਉਣ ਨੂੰ।
ਤੇ ਹੱਥ ਮੱਲੋ ਮੱਲੀ,
ਇਜਤਾਂ ਨੂੰ ਪਾਉਣ ਨੂੰ।
ਜਿਹਨਾਂ ਪਾਪੀਆਂ ਨੇ ਪਾਪ ਕਮਾਉਣੇ,
ਉਹ ਕਿਹੜੇ ਹਾਲੇ ਜੱਗ ਤੋਂ ਮੁੱਕੇ।
ਦੱਸੋ ਕਰੀਏ ਯਕੀਨ ਕੇਹਦੀ ਗੱਲ ਦਾ ਧੋਖਾ ਪੈਰ ਪੈਰ ਦੇ ਉਤੇ।

ਜੇ ਵੱਖਰਾ ਸਮਾਜ ਨਾਲੋਂ ਰਹਿਣਾ,
ਤਾਂ ਪੈਣਾ ਹਰਜਾਨਾ ਭਰਨਾ।
ਛੱਡ ਆਪਣੇ ਨੂੰ ਘੁੱਟ ਗਲ ਲਾਉਣਾ,
ਸਿੱਖ ਦੂਜਿਆਂ ਲਈ ਮਰਨਾ।
ਏਥੇ ਦੇਖੇ ਜੇ ਵਥੇਰੇ ਯਾਰ ਚੀਮਿਆ,
ਜੋ ਮੰਨਦੇ ਨਾ ਕਦੇ ਵੀ ਰੁੱਸੇ।
ਦੱਸੋ ਕਰੀਏ ਯਕੀਨ ਕੇਹਦੀ ਗੱਲ ਦਾ ਧੋਖਾ ਪੈਰ ਪੈਰ ਦੇ ਉਤੇ।

*

ਆਪਾਂ ਕਿਉਂ ਵਿਰਸੇ ਨੂੰ ਭੁੱਲ ਗਏ, ਓਏ ਭਲਿਓ ਲੋਕੋ।
ਪੰਜਾਬੀ ਮਾਂ ਬੋਲੀ ਪੰਜਾਬੀਉ ਏਹਦੇ ਵਾਰੇ ਸੋਚੋ।

ਖੋਰਾਂ ਲੱਗਿਆ ਅਣਖ ਨੂੰ ਸੋਚ ਪੈ ਗਈ ਮੱਠੀ।
ਦੂਰ ਦੂਰ ਹੋ ਜਾਉ ਜੱਗਤੇ ਜੇ ਨਾ ਜੀਉਂਦੀ ਰੱਖੀ।
ਹੱਥੀਂ ਆਪ ਆਪਣੇ ਮੂੰਹ ਤੇ ਕਾਲਖ ਨਾ ਪੋਚੋ।
ਪੰਜਾਬੀ ਮਾਂ ਬੋਲੀ ਪੰਜਾਬੀਉ ਏਹਦੇ ਵਾਰੇ ਸੋਚੋ।

ਸਾਨੂੰ ਬਖ਼ਸ਼ੀ ਸਾਡੇ ਰਹਿਬਰਾ ਇਹਨੂੰ ਭੁਲ ਨਾ ਜਾਣਾ।
ਬਿਨ ਮਾਂ ਬਾਪ ਦੇ ਬੱਚਿਆਂ ਦਾ ਕੀ ਟਿਕਾਣਾ।
ਰੁਕਿਆ ਵਕਤ ਨਾ ਕਿਸੇ ਦਾ ਰੋਕਿਆ ਨਾ ਤੁਸੀਂ ਵੀ ਰੋਕ।
ਪੰਜਾਬੀ ਮਾਂ ਬੋਲੀ ਪੰਜਾਬੀਉ ਏਹਦੇ ਵਾਰੇ ਸੋਚੋ।

ਬਾਬਾ ਦੀਪ ਸਿੰਘ ਵਰਗੇ ਸੁਰਮੇ ਸੀ ਨਾ ਮਰਨ ਤੋਂ ਡਰਦੇ।
ਖਾਕੇ ਕਸਮਾਂ ਕਰਦੇ ਪੁਰੀਆਂ ਬਿਨ ਸੀਸ ਦੇ ਲੜਦੇ।
ਮਿਲੀਆਂ ਸਿਰ ਦੇ ਕੇ ਸਰਦਾਰੀਆਂ ਨਾ ਭੱਠੀ ਵਿਚ ਝੋਕੋ।
ਪੰਜਾਬੀ ਮਾਂ ਬੋਲੀ ਪੰਜਾਬੀਉ ਏਹਦੇ ਵਾਰੇ ਸੋਚੋ।

ਸਾਨੂੰ ਭੁਲ ਗਏ ਰਸਮ ਰਿਵਾਜ਼ ਤੇ ਭੁਲਿਆ ਪਹਿਰਾਵਾ।
ਕਿੱਥੇ ਪੱਗ ਪੋਚਵੀਂ ਚਾਦਰਾ ਕੁੜਤਾ ਕਲੀਆਂ ਵਾਲਾ।
ਚੀਮਿਆਂ ਰਲਕੇ ਵਕਤ ਸੰਭਾਲੀਏ ਨਾ ਕੋਈ ਕਿਸੇ ਨੂੰ ਟੋਕ।
ਪੰਜਾਬੀ ਮਾਂ ਬੋਲੀ ਪੰਜਾਬੀਉ ਏਹਦੇ ਵਾਰੇ ਸੋਚੋ।

*

ਪੀਲ਼ੈ ਪੀਲੈ ਪੀਲੈ ਮੇਰੇ ਹਾਣੀਆਂ, ਤੂੰ ਅੱਜ ਪੀਲੈ ਰੱਜਕੇ।
ਨੈਣਾਂ ਵਿਚੋਂ ਮਸਤੀ ਦੇ ਜਾਮ ਪਿਲਾਉਂਦਾ ਤੇਰਾ ਹਾਣੀ ਕੱਢਕੇ।

ਅੱਖਾਂ ਵਿਚ ਅੱਖਾਂ ਪਾਕੇ ਤੱਕਿਆ ਗੱਲ ਮੇਰੇ ਰਹੀ ਬੱਸ ਨਾ।
ਖੁਸ਼ੀਆਂ ਫੁੱਲੀ ਨਾ ਸਮਾਵਾਂ ਸੰਗਦੀ ਵੀ ਦੱਸਾਂ ਕੱਖ ਨਾ।
ਪਿਆਰ ਵਾਲ ਭਾਂਬੜ ਜੋ ਮਨ ਸੀਨੇ ਮੇਰੇ ਕਈ ਠੰਡਾ ਠਾਰ ਮੇਰੇ ਨਾਲ ਲੱਗਦੇ।
ਪੀਲੈ ਪੀਲੈ ਪੀਲੈ ਹਾਣੀਆਂ ਤੇ ਅੱਜ ਪੀਲੈ ਰੱਜਕੇ।

ਪਹਿਲੀ ਤੱਕਣੀ ਤੇਰੀ ਕੀਤਾ ਮਦਹੋਸ਼ ਤੀਰ ਨੈਣਾਂ ਵਾਲਾ ਸੀਨੇ ਮੇਰੇ ਮਾਰਿਆ।
ਦੇਖੀ ਹਾਣੀਆਂ ਕਿਤੇ ਮੋੜ ਲਈ ਨਾ ਮੁੱਖ ਜਾਣਾ ਨਈਉ ਮੈਥੋਂ ਇਹ ਸਹਾਰਿਆ।
ਸਬਰਾਂ ਦੇ ਘੁੱਟ ਭਰ ਕੱਟਾਂ ਮੈਂ ਦਿਹਾੜੇ ਫੇਰ ਚੰਨਿਆ ਨਾ ਜਾਵੀ ਕੱਲੀ ਛੱਡਕੇ।
ਪੀਲੈ ਪੀਲੈ ਪੀਲੈ ਹਾਣੀਆਂ ਤੇ ਅੱਜ ਪੀਲੈ ਰੱਜਕੇ।

ਨਵੀਂ ਜਨਰੇਸ਼ਨ ਦੇ ਨਵੇਂ ਨੇ ਖਿਆਲ ਮੁੰਡੇ ਕੁੜੀਆਂ ਨੇ ਕੱਠੇ ਨੱਚਦੇ।
ਪਿਆਰ ਵਾਲੀ ਪੀਂਘ ਉਤੇ ਲੈਦੇ ਨੇ ਹੁਲਾਰੇ ਕਰਦੇ ਮਖੌਲ ਹੱਸ ਹੱਸਕੇ।
ਆਜਾ ਹਾਣੀਆਂ ਆਪਾਂ ਲੁੱਟੀਏ ਬਹਾਰਾਂ ਪਿਆਰ ਦਿਆਂ ਬੰਧਨਾਂ ਚ ਦੋਵੇਂ ਬੱਝਕੇ।
ਪੀਲੈ ਪੀਲੈ ਪੀਲੈ ਹਾਣੀਆਂ ਤੇ ਅੱਜ ਪੀਲੈ ਰੱਜਕੇ।

ਠੰਢੀਆਂ ਸਿਆਲ ਦੀਆਂ ਲੰਬੀਆਂ ਜੋ ਰਾਤਾਂ ਕਿਵੇ ਦੱਸ ਹਾਣੀਆਂ ਲੰਘਾਵਾਂ ਮੈਂ।
ਚੜਦੀ ਜਵਾਨੀ ਮਾਰੇ ਜੋਬਨ ਹੁਲਾਰੇ, ਕੇਤੋ ਕੇਤੋ ਚੀਮਿਆਂ ਛੁਪਾਵਾਂ ਮੈਂ।
ਅੱਲੇ ਨੇ ਜਖਮ ਜਿਹੜੇ ਦੇ ਗਿਆ ਏ ਮੈਨੂੰ ਕਿਵੇਂ ਦੱਸ ਰੱਖਾਂ ਦੁਨੀਆਂ ਤੋਂ ਕੱਜਕੇ।
ਪੀਲੈ ਪੀਲੈ ਪੀਲੈ ਹਾਣੀਆਂ ਤੇ ਅੱਜ ਪੀਲੈ ਰੱਜਕੇ।
ਨੈਣਾਂ ਵਿਚੋਂ ਮਸਤੀ ਦੇ ਜਾਮ ਹੈ ਪਿਲਾਉਂਦਾ ਤੇਰਾ ਹਾਣੀ ਕੱਢਕੇ।

*

ਤੂੰ ਖੇਡੀ ਚੱਲ ਬੰਦੇ, ਤੈਨੂੰ ਜਿੱਦਾਂ ਵੀ ਖਿਡਾਉਂਦਾ ਏ।
ਉਹਨੂੰ ਕੀ ਹੈ ਮਨਜ਼ੂਰ ਸਾਨੂੰ ਸਮਝ ਨਾ ਆਉਂਦਾ ਏ।

ਨੇਕੀਆਂ ਤੂੰ ਭੁੱਲੀ ਜਾਵੇਂ ਤੇ ਕਰੀ ਜਾਵੇ ਬਦੀਆਂ।
ਲੰਘ ਗਏ ਮਹੀਨੇ ਸਾਲ ਬੀਤ ਗਈਆਂ ਸਦੀਆਂ।
ਉਹਦੀਆਂ ਉਹ ਜਾਣੇ ਜਿਹੜਾ ਬਣਤ ਬਣਾਉਂਦਾ ਏ।
ਤੂੰ ਖੇਡੀ ਚਲ ਬੰਦੇ ਤੈਨੂੰ ਜਿਦਾ ਵੀ ਖਿਡਾਉਂਦਾ ਏ।

ਸਦੀਆਂ ਤੋਂ ਚੱਲੀ ਆਉਂਦੀ ਰੀਤ ਇਹ ਪੁਰਾਣੀ ਆ।
ਐਵੇਂ ਨਾ ਸਮਝ ਬੈਠੀ ਨਵੀਂ ਕੋਈ ਕਹਾਣੀ ਆ।
ਸਮਝ ਨਾ ਆਉਣ ਔਖੀਆਂ ਬੁਝਾਰਤਾਂ ਜਿਹੜੀਆਂ ਪਾਉਂਦਾ ਏ।
ਤੂੰ ਖੇਡੀ ਚਲ ਬੰਦੇ ਤੈਨੂੰ ਜਿਦਾ ਵੀ ਖਿਡਾਉਂਦਾ ਏ।

ਦਿਲ ਨੂੰ ਮਨਾਉਣਾ ਬੜਾ ਔਖਾ ਰੋਸਾ ਗੱਲ ਗੱਲ ਤੇ ਕਰੇ।
ਲਾਈ ਲੱਗ ਸਮਝਾਇਆ ਵੀ ਨਾ ਸਮਝੇ ਇਹਨੂੰ ਦੱਸੋ ਕੀ ਕੋਈ ਕਰੇ।
ਉਸੇ ਦੀਆਂ ਸਭੇ ਕਰਾਮਾਤਾਂ ਤੈਨੂੰ ਜਿਹੜੀਆਂ ਦਿਖਾਉਂਦਾ ਏ।
ਤੂੰ ਖੇਡੀ ਚਲ ਬੰਦੇ ਤੈਨੂੰ ਜਿਦਾ ਵੀ ਖਿਡਾਉਂਦਾ ਏ।

ਵਕਤ ਦੇ ਥੱਪੜ ਸਿਖ ਲੈ ਖਾਣੇ ਜੇ ਜ਼ਿੰਦਗੀ ਨੂੰ ਜੀਣਾਂ।
ਅੱਲੇ ਜਖਮ ਕੁਰੇਦਦਾ ਹਰ ਕੋਈ ਕੋਈ ਨਾ ਜਾਣੇ ਸੀਣਾਂ।
ਤੂੰ ਭਾਵੇਂ ਭੁੱਲ ਜਾਵੇ ਉਹਨੂੰ ਉਹ ਨਾ ਕਦੇ ਭੁਲਾਉਂਦਾ ਏ।
ਤੂੰ ਖੇਡੀ ਚਲ ਬੰਦੇ ਤੈਨੂੰ ਜਿਦਾ ਵੀ ਖਿਡਾਉਂਦਾ ਏ।
ਉਹਨੂੰ ਕੀ ਹੈ ਮਨਜ਼ੂਰ ਸਾਨੂੰ ਸਮਝ ਨਾ ਆਉਂਦਾ ਏ।

*

ਸੀ ਕੀ ਕੰਗਣਾਂ ਦੀ ਜੋੜੀ, ਮੇਹਣਾ ਖੱਟ ਲਿਆ ਜੱਗ ਦਾ ਵੇ।
ਛੱਡਕੇ ਤੁਰ ਗਿਆ ਦੇਸ਼ ਬਿਗਾਨੇ, ਸਾਡਾ ਦਿਲ ਨਾ ਲੱਗਦਾ ਵੇ।
ਤੂੰ ਗੱਲ ਨਾ ਕਦੇ ਵਿਚਾਰੀ, ਜਿਹੜਾ ਕਹਿਰ ਕਮਾਇਆ ਵੇ।
ਵੱਸਦਾ ਰਹੇ ਮੇਰਿਆ ਚੰਨਾਂ, ਝੋਰਾ ਦਿਲ ਨੂੰ ਲਾ ਗਿਆਵੇ।
ਕੇਹੜੀ ਹੋ ਗਈ ਦੱਸ ਖੁਨਾਮੀ, ਜਾਵੇ ਦੂਰ ਤੂੰ ਭੱਜਦਾ ਵੇ।
ਛੱਡਕੇ ਤੁਰ ਗਿਆ ਦੇਸ਼ ਬਿਗਾਨੇ, ਸਾਡਾ ਦਿਲ ਨਾ ਲੱਗਦਾ ਵੇ।
ਇਕੱਠੇ ਵਿਚ ਕਾਲਜ ਦੇ ਪੜ੍ਹਦੇ, ਰਤਾ ਵਿਸਾਹ ਨਾ ਕਰਦਾ ਸੀ।
ਛੱਡਕੇ ਨਾ ਤੁਰ ਜਾਵੀਂ ਇਕੱਲਾ, ਕਹਿਕੇ ਹਾਉਕੇ ਭਰਦਾ ਸੀ।
ਹੁਣ ਮੈਂ ਕਿਧਰ ਨੂੰ ਜਾਵਾਂ, ਹੜ ਪਿਆ ਗਮਾਂ ਦਾ ਵੱਗਦਾ ਵੇ।
ਛੱਡਕੇ ਤੁਰ ਗਿਆ ਦੇਸ਼ ਬਿਗਾਨੇ, ਸਾਡਾ ਦਿਲ ਨਾ ਲੱਗਦਾ ਵੇ।
ਸਾਕੇ ਭੁਲਕੇ ਕਸਮਾਂ ਵਾਇਦੇ, ਕਿਧਰੇ ਮਾਰ ਉਡਾਰ ਗਿਆ।
ਮੈਨੂੰ ਦੇ ਤੱਤੜੀ ਨੂੰ ਧੱਕਾ ਕਿਉਂ ਤੂੰ ਮਨੋ ਵਿਸਾਰ ਗਿਆ।
ਮੇਰਾ ਲੁੱਟਿਆ ਗਿਆ ਪਿਆਰ, ਨਾ ਦਿਲ ਧੀਰਜ ਬੱਝਦਾ ਵੇ।
ਛੱਡਕੇ ਤੁਰ ਗਿਆ ਦੇਸ਼ ਬਿਗਾਨੇ, ਸਾਡਾ ਦਿਲ ਨਾ ਲੱਗਦਾ ਵੇ।
ਨਾਂ ਨੀਂਦ ਰਾਤਾਂ ਨੂੰ ਆਵੇ, ਤਾਰੇ ਗਿਣਦੀ ਰਹਿੰਦੀਆਂ।
ਦਿਨ ਨੂੰ ਵਿਚ ਸੋਚਾਂ ਦੇ ਤੇਰੇ ਜੈਬਿਆ ਫਿਰਦੀ ਰਹਿੰਦੀਆਂ।
ਇਹ ਜੋ ਬ੍ਰਿਹੋ ਦਾ ਬਘਿਆੜ, ਕਲੇਜਾ ਰੁਗ ਭਰ ਕੱਢਦਾ ਵੇ।
ਛੱਡਕੇ ਤੁਰ ਗਿਆ ਦੇਸ਼ ਬਿਗਾਨੇ, ਸਾਡਾ ਦਿਲ ਨਾ ਲੱਗਦਾ ਵੇ।

*

ਉਠੋ ਕਰੋ ਕੋਈ ਹੀਲਾ, ਜੇ ਮਿਟਾਉਣਾ ਨਸ਼ਿਆਂ ਦੇ ਦਾਗ ਨੂੰ।
ਆਵੋ ਕੱਢ ਲਈਏ ਬਾਹਰ ਆਪਾ ਰਲਕੇ ਜਾਂਦੇ ਡੁੱਬਦੇ ਪੰਜਾਬ ਨੂੰ।
ਜਦ ਜਦ ਵੀ ਲੁੱਟਣਾ ਚਾਹਿਆ, ਬਾਹਰੋਂ ਆਣ ਲੁਟੇਰਿਆਂ ਨੇ।
ਤਦ ਤਦ ਤਾਣ ਛਾਤੀਆਂ ਰੋਕੇ, ਸਾਡੇ ਵੱਡੇ ਵਡੇਰਿਆਂ ਨੇ।
ਭਾਜੀ ਇਕੀਉ ਕੱਤੀ ਪਾਕੇ, ਕਰਦੇ ਸੀ ਹਿਸਾਬ ਨੇ।
ਆਵੋ ਕੱਢ ਲਈਏ ਬਾਹਰ ਆਪਾ ਰਲਕੇ, ਜਾਂਦੇ ਡੁੱਬਦੇ ਪੰਜਾਬ ਨੂੰ।
ਹੋ ਗਏ ਨਸ਼ਿਆਂ ਦੇ ਆਂਦੀ ਮੁਟਿਆਰ ਗੱਭਰੂ ਡੋਬੀ ਜਾਂਦੇ ਜ਼ਿੰਦਗੀ।
ਮਾਣ ਸਤਿਕਾਰ ਪੈਰਾਂ ਵਿਚ ਰੋਲਕੇ, ਉਹ ਭਾਲਦੇ ਦਰਿੰਦਗੀ।
ਸਾਨੂੰ ਕਰਨਾ ਇਲਾਜ ਕੋਈ ਪੈਣਾ ਇਹ ਘੁਣ ਲੱਗਿਆ ਸਮਾਜ ਨੂੰ।
ਆਵੋ ਕੱਢ ਲਈਏ ਬਾਹਰ ਆਪਾਂ ਰਲਕੇ ਜਾਂਦੇ ਡੁੱਬਦੇ ਪੰਜਾਬ ਨੂੰ।
ਭਾਈ ਭਾਈ ਹੋਰਾਏ ਖੂੰਨ ਦੇ ਪਿਆਸੇ, ਸ਼ਰੀਕੇ ਵਿਚ ਵੈਰ ਪੈਗਿਆ।
ਸਾਡਾ ਦੀਂ ਤੇ ਯਕੀਨ ਗਿਆ ਲੁੱਟਿਆ, ਹੋਰ ਕੀ ਪੱਲੇਚ ਰਹਿ ਗਿਆ।
ਪਾਕੇ ਸਧਰਾਂ ਦਾ ਤੇਲ ਰੁਛਨਾਈਏ, ਜਾਂਦੇ ਬੁੱਝਦੇ ਚਿਰਾਗ ਨੂੰ।
ਆਵੋ ਕੱਢ ਲਈਏ ਬਾਹਰ ਆਪਾਂ ਰਲਕੇ ਜਾਂਦੇ ਡੁੱਬਦੇ ਪੰਜਾਬ ਨੂੰ।
ਸਾਡਾ ਪੰਜਾਂ ਦਰਿਆਵਾਂ ਵਾਲਾ ਪਾਣੀ, ਕੀਤਾ ਏਹਨੇ ਜਹਿਰ ਲੱਗਦਾ।
ਇਹ ਜੋ ਨਸ਼ਿਆਂ ਦਾ ਛੇਵਾਂ ਦਰਿਆ, ਘਰ ਘਰ ਫਿਰੇ ਵੱਗਦਾ।
ਤੀਲਾ ਤੀਲਾ ਹੋਣੋ ਜੈਬਿਆ ਬਚਾਈਏ, ਜਾਂਦੇ ਖਿੰਡਦੇ ਗੁਲਾਬ ਨੂੰ।
ਆਵੋ ਕੱਢ ਲਈਏ ਬਾਹਰ ਆਪ ਰਲਕੇ ਜਾਂਦੇ ਡੁੱਬਦੇ ਪੰਜਾਬ ਨੂੰ।

*

ਵਿਚ ਮਹਿਫਲਾਂ ਬੈਠਕੇ ਯਾਰੋ, ਸਿਫਤਾਂ ਰਹਿੰਦੇ ਕਰਦੇ।
ਬਈ ਝੁੰਮਕੇ ਪਤਲੋ ਦੇ, ਤਾਰੇ ਅੰਬਰ ਜਿਉ ਤਰਦੇ।
ਸੂਰਜ ਵਾਂਗੂ ਦੱਮਕੇ ਚੇਹਰਾ, ਡੁੱਲ੍ਹ ਡੁੱਲ੍ਹ ਪੈਂਦਾ ਹਾਸਾ।
ਮੁੜ ਮੁੜ ਝਾਤ ਚੁਫੇਰੇ ਮਾਰੇ, ਖਬਰੇ ਕੀ ਗੁਆਚਾ।
ਤਾਂਗ ਮਿਲਣ ਦੀ ਸੱਜਣੋਂ, ਉਹਦੇ ਨੈਣ ਹੁੰਘਾਰੇ ਭਰਦੇ।
ਬਈ ਝੁੰਮਕੇ ਪੱਤਲੋ ਦੇ, ਤਾਰੇ ਅੰਬਰ ਜਿਉ ਤਰਦੇ।
ਨਾਲ ਸਈਆਂ ਦੇ ਰਲਕੇ, ਬਾਗੀ ਸੈਰ ਕਰਨ ਜਦ ਜਾਵੇ।
ਨਾਗਾ ਵਾਂਗੂ ਧੌਣ ਦੁਆਲੇ, ਉਹਦੀ ਘੁੱਤ ਵਲੇਵੇਂ ਖਾਵੇ।
ਖੇਡ ਜਿਨ੍ਹਾਂ ਨੇ ਪਿਆਰ ਦੀ ਖੇਡੀ, ਜਿੱਤ ਕੇ ਦੇਖੇ ਹਰਦੇ।
ਬਈ ਝੁੰਮਕੇ ਪਤਲੋ ਦੇ ਤਾਰੇ ਅੰਬਰ ਜਿਉਂ ਤਰਦੇ।
ਨਖਰਿਆਂ ਹੱਥੀ ਫਿਰੇ ਮੇਲਦੀ, ਰਹੋ ਬੁਝਾਰਤਾਂ ਪਾਉਂਦੀ।
ਰੁਹ ਭਰਕੇ ਕੱਢ ਲਵੇ ਕਾਲਜਾ ਹੱਸਕੇ ਜਦੋਂ ਬੁਲਾਉਂਦੀ।
ਜਿੰਨਾ ਵੀ ਖਾਦੀ ਚੋਟ ਇਸ਼ਕਦੀ, ਨਾ ਜੀਉਂਦੇ ਨਾ ਮਰਦੇ।
ਬਈ ਝੁੰਮਕੇ ਪਤਲੋ ਦੇ ਤਾਰੇ ਅੰਬਰ ਜਿਉਂ ਤਰਦੇ।
ਦਿਨ ਤੀਆਂ ਦੇ ਸਾਉਣ ਮਹੀਨੇ ਪੀਪਲੀ ਪੀਂਗਾ ਪਾਵੇ।
ਤੋਰ ਮ੍ਰਿਗਣੀ ਤੁਰਦੀ ਉਹਦਾ ਲੱਕ ਹੁਲਾਰੇ ਖਾਵੇ।
ਚੀਮਿਆਂ ਵਾਲੇ ਵਰਗੇ ਗੱਲਾਂ ਬੈਠ ਭੱਠੀ ਤੇ ਕਰਦੇ।
ਬਈ ਝੁੰਮਕੇ ਪਤਲੋ ਦੇ ਤਾਰੇ ਅੰਬਰ ਜਿਉਂ ਤਰਦੇ।

*

ਭੱਖਦਾ ਸੂਰਜ ਵਾਂਗੂੰ ਚੇਹਰਾ, ਸੱਭ ਦੇ ਹੋਸ਼ ਉਡਾਵੇ ਨੀਂ।
ਤੇਰੀ ਝਾਂਜਰ ਛਣ-ਛਣ ਛਣਕੇ, ਤੂੰ ਜਿਧਰ ਵੀ ਜਾਵੇ ਨੀਂ।
ਗੱਲ ਸੁਣ ਹੁਸਣ ਦੀਏ ਤਸਵੀਰੇ, ਸੱਜਦੇ ਬਾਹਾਂ ਵਿਚ ਕਲੀਰੇ।
ਤੈਨੂੰ ਫਿਰਨ ਸਜਾਉਂਦੇ ਰੱਲਕੇ, ਸਾਰੇ ਭੈਣਾਂ ਭਾਬੀਆਂ ਵੀਰੇ।
ਭਰਿਆ ਨਾਲ ਸੁਗੰਧੀਆਂ ਵੇਹੜਾ ਐਸੀ ਮਹਿਕ ਖਿਡਾਵੇ ਨੀਂ।
ਤੇਰੀ ਝਾਂਜਰ ਛਣ-ਛਣ ਛਣਕੇ, ਤੂੰ ਜਿਧਰ ਵੀ ਜਾਵੇ ਨੀਂ।
ਤੇਰੇ ਹਾਣ ਦੀਆਂ ਸਭ ਸਈਆਂ, ਨਾ ਕੁਝ ਕਹਿਣ ਜੋਗੀਆਂ ਰਹੀਆਂ।
ਬਿੱਟ-ਬਿੱਟ ਜਾਵਣ ਤੈਨੂੰ ਤੱਕੀਂ, ਸਾਰੀਆਂ ਸੋਚਾਂ ਦੇ ਵਿੱਚ ਪਈਆਂ।
ਸਭ ਨੂੰ ਪਿਆਰ ਨਾਲ ਗੱਲ ਲਾ ਕੇ, ਵੱਖਰਾ ਰੰਗ ਚੜ੍ਹਾਵੇ ਨੀਂ।
ਤੇਰੀ ਝਾਂਜਰ ਛਣ-ਛਣ ਛਣਕੇ, ਤੂੰ ਜਿਧਰ ਵੀ ਜਾਵੇ ਨੀਂ।
ਟੋਲੀ ਜਦ ਕੁੜੀਆਂ ਦੀ ਲੰਗੇ, ਦੇਖ ਕੇ ਦਿਲ ਮੁੰਡਿਆਂ ਦੇ ਕੰਬੇ।
ਕਰਦੀਆਂ ਜਾਂਦੀਆਂ ਸ਼ੋਰ ਸ਼ਰਾਬਾ, ਨਾਂ ਨੀ ਕੋਈ ਕਿਸੇ ਤੋਂ ਸੰਗੇ।
ਦਿਲ ਵਿੱਚ ਰੱਖ ਦਿਲਵਰ ਦੀਆਂ੧ਓ ਰੀਝਾਂ ਵਾਲਾ ਭੇਦ ਛੁਪਾਵੇ ਨੀਂ।
ਤੇਰੀ ਝਾਂਜਰ ਛਣ-ਛਣ ਛਣਕੇ, ਤੂੰ ਜਿੱਧਰ ਵੀ ਜਾਵੇ ਨੀਂ।
ਆ ਗਿਆ ਬੰਨ ਕੇ ਸੂਹਾ ਚੀਰਾ, ਤੇਰੇ ਹਾਣ ਦਾ ਹਾਣੀ ਨੀਂ।
ਤੈਨੂੰ ਛੱਡਣੀ ਪੈਣੀ ਝੱਲੀਏ, ਇਹ ਕੁੜੀਆਂ ਦੀ ਢਾਣੀ ਨੀਂ।
ਚੀਮਿਆ ਵਾਲੇ ਨੂੰ ਗੱਲ ਲਾ ਲੈ, ਜਿਹਦੀ ਖੈਰ ਮਨਾਵੇ ਨੀਂ।
ਤੇਰੀ ਝਾਂਜਰ ਛਣ-ਛਣ ਛਣਕੇ, ਤੂੰ ਜਿੱਧਰ ਵੀ ਜਾਵੇ ਨੀਂ।
ਭੱਖਦਾ ਸੂਰਜ ਵਾਂਗੂੰ ਚੇਹਰਾ, ਸਭ ਦੇ ਹੋਸ਼ ਉਡਾਵੇ ਨੀਂ।
ਤੇਰੀ ਝਾਂਜਰ ਛਣ-ਛਣ ਛਣਕੇ, ਤੂੰ ਜਿਧਰ ਵੀ ਜਾਵੇ ਨੀਂ।

*

ਦੇਖ ਗਿੱਧੇ ਵਿਚ ਕਿਵੇਂ ਮੁਟਿਆਰਾਂ, ਖਿੜ ਖਿੜ ਪੈਣ ਨੱਡੀਏ।
ਪਾ ਕੇ ਹੱਥਾਂ ਵਿੱਚ ਹੱਥ ਪਾਈਏ ਕਿਕਲੀ, ਰੁੱਸ ਰੁੱਸ ਬਹਿਣਾਂ ਛੱਡੀਏ।
ਛੇੜ ਦੇਵੇ ਦਿਲਾਂ ਵਿਚ ਕੰਬਣੀ।
ਜਾਂ ਗਿੱਧੇ ਵਿਚ ਪੈਰ ਰੱਖਦੀ।
ਮਿੱਟੀ ਅੰਬਰਾਂ ਦੇ ਵਲ ਜਾਵੇ ਉੱਡਦੀ।
ਤੂੰ ਹਾਨਣੇ ਨੀ ਜਦੋਂ ਨੱਚਦੀ।
ਪੈਰਾਂ ਤੇਰਿਆਂ ਦੇ ਥੱਲੇ ਕੰਬੇ ਧਰਤੀ।
ਨੀ ਕਿਦਾ ਦਿਲ ਥਾਮ ਰੱਖੀਏ।
ਦੇਖ ਗਿੱਧੇ ਵਿਚ ਕਿਵੇਂ ਮੁਟਿਆਰਾਂ, ਨੀ ਖਿੜ ਖਿੜ ਪੈਣ ਨੱਡੀਏ।
ਉਹ ਨੱਚਦੀਆਂ ਤੇਰੀਆਂ ਸਹੇਲੀਆਂ।
ਤੂੰ ਹੈ ਕੇਹਦੇ ਨਾਲੋਂ ਘੱਟ ਨੀ।
ਫੱਬੇ ਗੋਰੀਆਂ ਕਲਾਈਆਂ ਵਿਚ ਚੂੜਾ।
ਹੁਲਾਰੇ ਤੇਰਾ ਖਾਵੇ ਲੱਕ ਨੀ।
ਛੇੜ ਝਾਜਰਾਂ ਨੂੰ ਪਾ ਦੇ ਕੋਈ ਬੋਲੀ।
ਮੁੰਡਿਆਂ ਦੇ ਦਿਲ ਕੱਢੀਏ।
ਦੇਖੇ ਗਿੱਧੇ ਵਿਚ ਕਿਵੇਂ ਮੁਟਿਆਰਾਂ, ਨੀ ਖਿੜ ਖਿੜ ਪੈਣ ਨੱਡੀਏ।
ਜੁੱਲਫਾ ਕਾਲੀਆਂ ਚ ਲੱਗੇ ਤੇਰਾ ਮੁੱਖੜਾ।
ਚੰਦ ਜਿਵੇ ਬਦਲਾਂ ਥੱਲੇ।
ਤੇਰੇ ਨੈਣ ਨੀ ਦੋ ਨਸ਼ੇ ਦੇ ਪਿਆਲੇ।
ਸਾਰੇ ਕਹਿੰਦੇ ਬੱਲੇ ਬਈ ਬੱਲੇ।
ਜੈਬਾ ਇਹਨਾਂ ਹੀ ਪਿਆਲਿਆ ਚ ਖੋਗਿਆ।
ਤੂੰ ਦੱਸ ਉਹਨੂੰ ਕਿਥੋ ਲੱਭੀਏ।
ਦੇਖੇ ਗਿੱਧੇ ਵਿੱਚ ਕਿਵੇ ਮੁਟਿਆਰਾਂ, ਨੀ ਖਿੜ ਖਿੜ ਪੈਣ ਨੱਡੀਏ।
ਦੇਖੇ ਗਿੱਧੇ ਵਿੱਚ ਕਿਵੇ ਮੁਟਿਆਰਾਂ, ਨੀ ਖਿੜ ਖਿੜ ਪੈਣ ਨੱਡੀਏ।
ਪਾ ਕੇ ਹੱਥਾਂ ਵਿੱਚ ਹੱਥ ਪਾਈਏ ਕਿੱਕਲੀ, ਰੁੱਸ ਰੁੱਸ ਬਹਿਣਾਂ ਛੱਡੀਏ।

*

ਕਿਹੜੀ ਗੱਲ ਦਾ ਗਰੂਰ ਦੱਸ ਤੈਨੂੰ ਕਿਉਂ ਪਾਸਾ ਵੱਟ ਲੰਘੇ ਕੋਲ ਦੀ।
ਮੈਨੂੰ ਪੱਟਿਆ ਸ਼ਰਾਬੀ ਤੇਰੇ ਨੈਣਾਂ, ਤੂੰ ਕਦੇ ਨਾ ਬਲਾਇਆਂ ਬੋਲਦੀ।
ਧੂੜ ਰਾਹਾਂ ਸੀ ਉਡਾਉਦੀ ਜਾਵੇ ਸੋਹਣੀਏ,
ਹਨੇਰੀ ਬਣ ਜਿਧਰੋ ਲੰਘੇ।
ਨਾਂ ਨੀ ਮੰਗਦਾ ਕਦੇ ਉਹ ਘੁਟ ਪਾਣੀ,
ਤੂੰ ਜਿਹਨੂੰ ਬਣ ਨਾਗਣੀ ਡੰਗੇ।
ਤੇਰੇ ਪਿਆਰ ਦਾ ਪੁਜਾਰੀ ਗਿਆ ਲੁੱਟਿਆ,
ਕਾਹਨੂੰ ਉਹਦੀ ਜਿੰਦ ਰੋਲਦੀ।
ਕਿਹੜੀ ਗੱਲ ਦਾ ਗਰੂਰ ਦੱਸ ਤੈਨੂੰ ਕਿਉਂ ਪਾਸਾ ਵੱਟ ਲੰਘੇ ਕੋਲ ਦੀ।
ਵਾਂਗੂੰ ਕਾਲੀਆਂ ਘਟਾਵਾਂ ਵਾਲ ਤੇਰੇ,
ਤੂੰ ਖੋਲ ਕੇ ਖਿਲਾਰੀ ਰੱਖਦੀ।
ਮੁੱਖ ਪੁੰਨਿਆਂ ਦੇ ਚੰਦ ਨਾਲੋਂ ਸੋਹਣਾਂ,
ਮੈ ਕਰ ਕੀ ਸਿਫਤ ਲੱਕ ਦੀ।
ਤੇਰੀ ਨਜ਼ਰ ਚੁਫੇਰੇ ਫਿਰੇ ਘੁੰਮਦੀ।
ਨੀ ਦੱਸ ਮੈਨੂੰ ਕੇਹਨੂੰ ਟੋਲਦੀ,
ਕਿਹੜੀ ਗੱਲ ਦਾ ਗਰੂਰ ਦਸ ਤੈਨੂੰ ਕਿਉਂ ਪਾਸਾ ਵੱਟ ਲੰਘੇ ਕੋਲ ਦੀ।
ਕਣਕਾਂ ਦੇ ਬੰਨਿਆ ਤੇ ਫਿਰੇ ਮੇਲਦੀ,
ਨੱਡੀ ਆਈ ਹੈ ਵਲੈਤੋ ਜਿਹੜੀ ਕੱਲਦੀ।
ਉਚਾ ਲੰਬਾ ਕੱਦ ਤੁਰੇ ਮਾਰਕੇ ਹੁਲਾਰੇ,
ਝੱਲੇ ਨਾਂ ਮਰੋੜਾ ਜੁੱਤੀ ਖੱਲ ਦੀ।
ਅੰਬਰਾਂ ਨੂੰ ਛੁਹਵੇ ਜਦੋਂ ਬਾਹਵਾਂ ਨੂੰ ਉਲਾਰੇ,
ਦਿਲ ਵਾਲਾ ਭੇਦ ਨਾਂ ਕਿਸੇ ਕੋ ਖੋਹਲਦੀ।
ਕਿਹੜੀ ਗੱਲ ਦਾ ਗਰੂਰ ਦੱਸ ਤੈਨੂੰ ਕਿਉਂ ਪਾਸਾ ਵੱਟ ਲੰਘੇ ਕੋਲ ਦੀ।
ਬੈਠਾ ਚੀਮਿਆਂ ਵਾਲਾ ਨੀ ਰਹਿੰਦਾ ਸੋਚਦਾ,
ਕਿ ਤੇਰੇ ਨਾਲ ਗੱਲ ਕਰਨੀ।
ਤੂੰ ਤਾਂ ਮਾਰਕੇ ਛੜੱਪੇ ਲੰਘ ਜਾਵੇ,
ਜਿਉ ਬਾਗਾ ਵਿੱਚ ਜਾਵੇ ਹਰਨੀ।

ਜਿਹੜਾ ਜਾਨ ਨਾਲੋ ਤੈਨੂੰ ਸੀ ਪਿਆਰਾ,
ਕਿਉਂ ਕੋਡੀਆ ਦੇ ਭਾ ਰੋਲਦੀ।
ਕਿਹੜੀ ਗੱਲ ਦਾ ਗਰੂਰ ਦਸ ਤੈਨੂੰ ਕਿਉਂ ਪਾਸਾ ਵੱਟ ਲੰਘੇ ਕੋਲ ਦੀ।
ਮੈਨੂੰ ਪੱਟਿਆ ਸ਼ਰਾਬੀ ਤੇਰੇ ਨੈਣਾਂ, ਤੂੰ ਕਦੇ ਨਾ ਬਲਾਇਆਂ ਬੋਲਦੀ।

*

ਲੱਗੇ ਮੁੱਖੜੇ ਤੇ ਚੰਮਕੇ ਪਸੀਨਾਂ, ਜਿਉ ਫੁੱਲਾਂ ਤੇ ਤਰੇਲ ਚੰਮਕੇ।
ਗਿੱਧਾ ਭੁਲ ਗਿਆ ਮੇਲਣਾਂ ਨੂੰ ਪਾਉਣਾਂ, ਤੂੰ ਨੱਚੀ ਜਾਂ ਭੰਬੀਰੀ ਬਣਕੇ।
ਇਕ ਲੌਂਗ ਤੇਰਾ ਦੁਜੀ ਨੱਥ, ਤੀਜਾ ਨੈਣ ਕਹਿਲ ਨੀ ਗੁਜਾਰਦੇ।
ਬੀਤਦੇ ਨੇ ਪਲ ਜੁੱਗਾ ਦੇ ਸਮਾਨ, ਘਾਟੇ ਜਦੋਂ ਪੈਦੇ ਨੇ ਪਿਆਰੇ ਦੇ।
ਮਾਰ ਮਾਰ ਅੱਡੀਆ ਧਰਤੀ ਹਿਲਾਵੇ, ਪੈਰਾ ਵਿੱਚ ਤੇਰੇ ਜਾ ਪੰਜੇਬ ਛਣਕੇ।
ਗਿੱਧਾ ਭੁਲ ਗਿਆ ਮੇਲਣਾਂ ਨੂੰ ਪਾਉਣਾਂ, ਤੂੰ ਨੱਚੀ ਜਾਂ ਭੰਬੀਰੀ ਬਣਕੇ।
ਮਹਿੰਦੀ ਰੰਗੇ ਹੱਥੀ ਪਾਏ ਸ਼ਾਪਾ ਛੱਲੇ, ਰੰਗ ਤੇਰਾ ਸਾਰਿਆਂ ਨੂੰ ਭਾਵੇ ਨੀ।
ਮੱਥੇ ਉਤੇ ਫਿਰੇ ਚੰਦ ਖੁਦਵਾਈ, ਚੰਦ ਨਾ ਇਹ ਨਵਾ ਕੋਈ ਚੜਾਵੇ।
ਦੇਖ ਤੈਨੂੰ ਸਾਰੇ ਭਰਦੇ ਨੇ ਹਾਉਕੇ, ਝਾਕਰਾਂ ਦੇ ਨਾਮ ਵੰਗ ਛਣਕੇ।
ਗਿੱਧਾ ਭੁਲ ਗਿਆ ਮੇਲਣਾਂ ਨੂੰ ਪਾਉਣਾਂ, ਤੂੰ ਨੱਚੀ ਜਾਂ ਭੰਬੀਰੀ ਬਣਕੇ।
ਪਤਲ ਸਰੀਰ ਤੁਰੇ ਮਾਰਕੇ ਹੁੱਲਾਰੇ, ਮਿਰਗਾ ਨੂੰ ਤੁਰਨਾ ਭੁਲਾਵੇ ਨੀ।
ਪੱਲਾ ਸਰਕਾ ਕੇ ਮੁਖੜੇ ਤੋਂ ਥੋੜਾ, ਸੱਭ ਦੇ ਕਲੇਜੇ ਅੱਗਾ ਲਾਵੇ ਨੀ।
ਨੱਚਦੀ ਦੇ ਜਦੋਂ ਖੁੱਲੇ ਕਾਲੇ ਕੇਸ, ਅੰਬਰਾਂ ਤੇ ਛਾ ਗਏ ਘਟਾਵਾਂ ਬਣ ਕੇ।
ਗਿੱਧਾ ਭੁਲ ਗਿਆ ਮੇਲਣਾਂ ਨੂੰ ਪਾਉਣਾਂ, ਤੂੰ ਨੱਚੀ ਜਾਂ ਭੰਬੀਰੀ ਬਣਕੇ।
ਥੋੜਾ ਸ਼ਰਮਉਣਾਂ ਥੋੜਾ ਹੱਸਣਾਂ, ਜਾਦੂ ਸਾਰਿਆਂ ਤੇ ਪਾ ਗਿਆ।
ਕੀ ਘੋਲਕੇ ਤਬੀਤ ਪਿਲਾਏ, ਉਹਨੂੰ ਤੇਰਾ ਗਮ ਖਾ ਗਿਆ।
ਚੀਮੇ ਨੂੰ ਸ਼ਰਾਬੀ ਕਰੀ ਜਾਵੇ, ਤੂੰ ਤੁਰੇ ਜਦੋਂ ਬਣ ਠਣਕੇ।
ਗਿੱਧਾ ਭੁਲ ਗਿਆ ਮੇਲਣਾਂ ਨੂੰ ਪਾਉਣਾਂ, ਤੂੰ ਨੱਚੀ ਜਾਂ ਭੰਬੀਰੀ ਬਣਕੇ।

*

ਕਦੇ ਬੈਠਕੇ ਨਹੀ ਵਿਚਾਰ ਕੀਤੀ, ਕਿਹੜੀ ਗੱਲ ਦਾ ਕਰੇ ਘੁਮਾਨ ਬੰਦੇ।
ਪਾਣੀ ਉਤੇ ਜਿਉ ਬੁੱਲ ਬੁੱਲਾ ਫਿਰੇ ਡਰਦਾ, ਏਦਾ ਫਿਰੇ ਤੂੰ ਵਿਚ ਜਹਾਨ ਬੰਦੇ।
ਦੱਸ ਬੰਦਿਆ ਕੀ ਤੇਰਾ ਏਥੇ, ਕਾਹਦੇ ਕਰਦਾ ਦਾਅਵੇ ਬਈ।
ਛੱਡ ਕੇ ਲੰਕਾ ਤੁਰ ਗਏ ਜਿਹਨਾਂ ਕਾਲ ਸੀ ਬੰਨਿਆਂ ਪਾਵੇ ਬਈ।
ਮੰਗਿਆਂ ਧਰਮ ਰਾਜ ਜਦ ਲੇਖਾ, ਕਿਦਾ ਬਚ ਪਾਵੇਗਾ।
ਘੱਲਿਆਂ ਆਇਆ ਬੰਦਿਆਂ ਏਥੇ, ਤੂੰ ਸੱਦਿਆ ਉਠ ਜਾਵੇਗਾ, ਤੂੰ ਸੱਦਿਆ ਉਠ
ਕੀਤੇ ਜੋ ਮਾਲਕ ਨਾਂ ਵਾਇਦੇ, ਉਹ ਦੱਸ ਕਿਵੇ ਭੁਲਾ ਲਏ ਤੂੰ।
ਹੱਥੀ ਆਪਣੀ ਲਾਲ ਗੁਆ ਕੇ, ਠੀਕਰ ਝੋਲੀ ਪਾ ਲਏ ਤੂੰ।
ਬੰਨ ਕੇ ਧਰੀਆਂ ਪਾਪ ਦੀਆਂ ਪੰਡਾਂ ਦੱਸ ਕਿਵੇ ਉਠਾਵੇਗਾ।
ਘੱਲਿਆਂ ਆਇਆ ਬੰਦਿਆਂ ਏਥੇ, ਤੂੰ ਸੱਦਿਆ ਉਠ ਜਾਵੇਗਾ, ਤੂੰ ਸੱਦਿਆ ਉਠ
ਹਾਉਮੇ ਤੇਰੀ ਤੇਰੇ, ਅੰਦਰੋ ਤੈਨੂੰ ਵੱਡ ਵੱਡ ਖਾਂਦੀ ਏ।
ਫਿਰ ਵੀ ਮ੍ਰਿਗ ਤ੍ਰਿਸ਼ਨਾਂ ਹੋਰ, ਮੁਰਖਾ ਵੱਧਦੀ ਜਾਂਦੀ ਏ।
ਵੱਜਿਆ ਮੌਤ ਦਾ ਆਣ ਨਗਾਰਾ, ਕਿਥੇ ਲੁੱਕ ਜਾਵੇਗਾ।
ਘੱਲਿਆਂ ਆਇਆ ਬੰਦਿਆਂ ਏਥੇ, ਤੂੰ ਸੱਦਿਆ ਉਠ ਜਾਵੇਗਾ, ਤੂੰ ਸੱਦਿਆ ਉਠ
ਜੈਬਿਆ ਹਰ ਦਮ ਭੱਜਾ ਫਿਰਦਾ, ਮਾਇਆ ਕੱਠੀ ਕਰਨ ਲਈ।
ਕੱਬਰਾਂ ਪੱਟ ਕੇ ਰੁਪੈਈਏ ਪੈਸੇ ਕੱਢੇ, ਕਾਰੂ ਖਜਾਨੇ ਭਰਨ ਲਈ।
ਜਾਣ ਲੱਗਾ ਹੱਥ ਖਾਲੀ ਦੁੱਨੀਆਂ ਨੂੰ ਦਿਖ ਲਾਵੇਗਾ।
ਘੱਲਿਆਂ ਆਇਆ ਬੰਦਿਆਂ ਏਥੇ, ਤੂੰ ਸੱਦਿਆ ਉਠ ਜਾਵੇਗਾ, ਤੂੰ ਸੱਦਿਆ ਉਠ

*

ਇਕ ਤਸਵੀਰ ਬਣਾਈਏ ਰਲਕੇ, ਰਲਕੇ ਬੈਹਣਾਂ ਸਿੱਖ ਜਾਈਏ।
ਹਿੰਦੂ ਮੁਸਲਮ ਸਿੱਖ ਈਸਾਈ, ਹੱਸ ਕੇ ਸੱਭ ਨੂੰ ਗਲ ਲਾਈਏ।

ਆਉਦੀ ਜੁੱਗਾ ਜੁੱਗਾ ਤੋ ਚੱਲੀ, ਇਹੇ ਰੀਤ ਪੁਰਾਣੀ ਆ।
ਬਦਲੇ ਜਦੋਂ ਜਮਾਨਾ ਕਰਵੱਟ, ਬਣਦੀ ਨਵੀ ਕਹਾਣੀਆਂ।
ਪੱਟਕੇ ਕਬਰਾਂ ਵਿੱਚ ਸੁੱਤੇ ਨਾ ਮੁਰਦੇ ਕਦੇ ਜਗਾਈਏ।
ਹਿੰਦੂ ਮੁਸਲਮ ਸਿੱਖ ਈਸਾਈ, ਹੱਸ ਕੇ ਸੱਭ ਨੂੰ ਗਲ ਲਾਈਏ।

ਮਾਤ ਗਰਭ ਵਿੱਚ ਸਾਨੂੰ, ਕਿਸੇ ਨੇ ਜਾਤ ਨਹੀਂ ਦੱਸੀ।
ਜਨਮਣ ਤੋਂ ਬਾਦ ਪਹਿਚਾਣ, ਸਾਰੇ ਫਿਰਦੇ ਨੇ ਚੱਕੀ।
ਜੀਣਾਂ ਝੂਠ ਤੇ ਸੱਚ ਹੈ ਮਰਨਾਂ, ਇਹੇ ਕਿੱਦਾ ਭੁਲ ਜਾਈਏ।
ਹਿੰਦੂ ਮੁਸਲਮ ਸਿੱਖ ਈਸਾਈ, ਹੱਸ ਕੇ ਸੱਭ ਨੂੰ ਗਲ ਲਾਈਏ।

ਸਦੀਆਂ ਬੀਤ ਨੇ ਗਈਆਂ, ਸਾਨੂੰ ਲੜਦਿਆਂ ਭਿੜਦਿਆਂ ਨੂੰ।
ਜਾਦੇ ਉਹੀ ਸਬਕ ਪੜਾਈ, ਦੋਖੋ ਮੁੜਦਿਆਂ ਘਿੜਦਿਆਂ ਨੂੰ।
ਲਾਈਏ ਪਿਆਰ ਦਾ ਰਲਕੇ ਬੁੱਟਾ, ਉਹਦੀ ਛਾਵੇ ਬੈਹ ਜਾਈਏ।
ਹਿੰਦੂ ਮੁਸਲਮ ਸਿੱਖ ਈਸਾਈ, ਹੱਸ ਕੇ ਸੱਭ ਨੂੰ ਗਲ ਲਾਈਏ।

ਇਕੋ ਹੈ ਸਿਰਜਣਹਾਰ, ਵੱਖ ਵੱਖ ਰੰਗ ਰਹੇ ਭਰਦਾ।
ਉਹਦੇ ਕੋਤਕ ਬੜੇ ਨਿਆਰੇ, ਜੋ ਚਾਹਵੇਂ ਸੋ ਕਰਦਾ।
ਨਫਰਤ ਵਾਲਾ ਦੈਂਤ ਜੋ, ਰਲਕੇ ਮਾਰ ਮੁਕਾਈਏ।
ਹਿੰਦੂ ਮੁਸਲਮ ਸਿੱਖ ਈਸਾਈ, ਹੱਸ ਕੇ ਸੱਭ ਨੂੰ ਗਲ ਲਾਈਏ।

*

ਜੁੱਤੀ ਖੱਲ ਦੀ ਕਾਲਾ ਪਾਕੇ ਲਹਿੰਗਾ, ਉੜਾਉਂਦੀ ਜਾਵੇ ਧੂੜ ਜੱਟੀਏ।
ਇੰਝ ਲੱਗੇ ਸਾਨੂੰ ਧਰਤੀ ਤੇ ਉਤਰੀ, ਕੋਈ ਅੰਬਰਾਂ ਦੀ ਹੂਰ ਜੱਟੀਏ।
ਦੰਦ ਮੋਤੀਆਂ ਦੀ ਲੜੀ, ਸੋਹਣੀ ਜੜਤ ਜੜਾਈ ਨੀ।
ਤੈਨੂੰ ਦੇਖਕੇ ਬਹਾਰ ਅੱਜ ਫਿਰੇ ਨਸ਼ਿਆਈ ਨੀ।
ਫੁੱਲ ਡਾਣੀਆਂ ਤੋਂ ਟੁੱਟ ਡਿੱਗੇ ਕਦਮੀ, ਨੀ ਅੱਡੀਏ ਗਰੂਰ ਹੱਥੀਏ।
ਇੰਝ ਲੱਗੇ ਸਾਨੂੰ ਧਰਤੀ ਤੇ ਉਤਰੀ ਕੋਈ ਅੰਬਰਾਂ ਦੀ ਹੂਰ ਜੱਟੀਏ।
ਸੋਹਣਾਂ ਗੁੰਦਮਾ ਸਰੀਰ, ਤੇਰੇ ਪਤਲੇ ਜਿਹੇ ਅੰਗ ਨੀ।
ਜਿਓਂ ਪਹਿਲੇ ਤੜ ਦੀ ਸ਼ਰਾਬ, ਹੋਵੇ ਬੋਤਲ ਚ ਬੰਦ ਨੀਂ।
ਬਿਨ ਪੀਤਿਆਂ ਹੀ ਜਿਹੜੀ ਚਾੜ੍ਹ ਦੇਵੇ, ਨੀ ਸਭ ਨੂੰ ਸਰੂਰ ਲੱਛੀਏ।
ਇੰਝ ਲੱਗੇ ਸਾਨੂੰ ਧਰਤੀ ਤੇ ਉਤਰੀ, ਕੋਈ ਅੰਬਰਾਂ ਦੀ ਹੂਰ ਜੱਟੀਏ।
ਤੇਰੀ ਗੁੱਤ ਦਾ ਪਰਾਂਦਾ ਦੇਖ ਤੇਰੇ, ਨੀ ਲੱਕ ਦੇ ਦੁਆਲੇ ਨੱਚਦਾ।
ਜਦੋਂ ਤੁਰਦੀ ਪੰਜੇਬਾ ਪਾ ਕੇ ਪੈਰੀਂ, ਅੱਵਲਾ ਜਿਹਾ ਸ਼ੋਰ ਮੱਚਦਾ।
ਕਿਉਂ ਤੂੰ ਚੀਮਿਆ ਵਾਲੇ ਨਾ ਬਹਿ ਗਈ ਰੁਸ ਕੇ,
ਨੀ ਉਹਨੂੰ ਕੀ ਕਸੂਰ ਦੱਸੀਏ।
ਇੰਝ ਲੱਗੇ ਸਾਨੂੰ ਧਰਤੀ ਤੇ ਉਤਰੀ, ਕੋਈ ਅੰਬਰਾਂ ਦੀ ਹੂਰ ਜੱਟੀਏ।
ਜੁੱਤੀ ਖੱਲ ਦੀ ਕਾਲਾ ਪਾ ਕੇ ਲਹਿੰਗਾ, ਉੜਾਉਂਦੀ ਜਾਵੇਂ ਧੂੜ ਜਾਟੀਏ।
ਇੰਝ ਲੱਗੇ ਸਾਨੂੰ ਧਰਤੀ ਤੇ ਉਤਰੀ, ਕੋਈ ਅੰਬਰਾਂ ਦੀ ਹੂਰ ਜੱਟੀਏ।